ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 6 ਸਤੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੨੨ ਭਾਦਰੋਂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਪਿੰਡ ਡਕਾਲਾ ’ਚ ਦਹਿਸ਼ਤ, ਖ਼ੂਨ ਨਾਲ ਲਿੱਬੜੀਆਂ ਕੰਧਾਂ, ਘਰਾਂ ਤੋਂ ਬਾਹਰ ਨਹੀਂ ਨਿਕਲ ਰਹੇ ਲੋਕ



**ਪਟਿਆਲਾ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**- ਬੀਤੀ ਰਾਤ ਪਟਿਆਲਾ ਦੇ ਡਕਾਲਾ ਪਿੰਡ ਵਿਚ ਉਸ ਸਮੇਂ ਦਹਿਸ਼ਤ ਫੈਲ ਗਈ ਜਦੋਂ ਰਾਤ ਸਮੇਂ ਕੁੱਤਿਆਂ ਦੇ ਬੱਚਿਆਂ ’ਤੇ ਤੇਂਦੂਏ ਨੇ ਹਮਲਾ ਕਰ ਦਿੱਤਾ। ਘਟਨਾ ਦਾ ਪਤਾ ਉਦੋਂ ਲੱਗਾ ਜਦੋਂ ਪਿੰਡ ਦੇ ਲੋਕਾਂ ਸਵੇਰੇ ਉਠੇ ਅਤੇ ਉਨ੍ਹਾਂ ਨੇ ਦੇਖਿਆ ਕਿ ਤੇਂਦੂਏ ਨੇ 10 ਤੋਂ ਵੱਧ ਕੁੱਤੇ ਦੇ ਬੱਚਿਆਂ ਨੂੰ ਮਾਰ ਹੈ। ਜਿਸ ਜਗ੍ਹਾ ’ਤੇ ਤੇਂਦੂਏ ਵੱਲੋਂ ਸ਼ਿਕਾਰ ਕੀਤਾ ਗਿਆ, ਉਸ ਥਾਂ ’ਤੇ ਲਗਭਗ 5-5 ਫੁੱਟ ਦੇ ਕਰੀਬ ਕੰਧਾਂ ’ਤੇ ਖ਼ੂਨ ਦੇ ਨਿਸ਼ਾਨ ਲੱਗੇ ਹੋਏ ਸਨ। ਡਕਾਲਾ ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਇਹ ਨਿਸ਼ਾਨ ਤੇਂਦੂਏ ਦੇ ਹਨ, ਅਸੀਂ ਸਵੇਰ ਤੋਂ ਹੀ ਆਪਣੇ ਬੱਚਿਆਂ ਅਤੇ ਪਰਿਵਾਰ ਦੀ ਰਾਖੀ ਕਰ ਰਹੇ ਹਾਂ ਅਤੇ ਅਜੇ ਤੱਕ ਪ੍ਰਸ਼ਾਸਨ ਦਾ ਕੋਈ ਵੀ ਅਧਿਕਾਰੀ ਸਾਡੀ ਸਾਰ ਲੈਣ ਨਹੀਂ ਆਇਆ ਹੈ ਅਤੇ ਨਾ ਸਾਡੇ ਕੋਲ ਅਜਿਹੇ ਸਾਧਨ ਹਨ ਜਿਨ੍ਹਾਂ ਰਾਹੀਂ ਅਸੀਂ ਆਪਣੀ ਸੁਰੱਖਿਆ ਕਰ ਸਕੀਏ। ਸਾਡੇ ਕੋਲ ਸਿਰਫ ਡੰਡੇ ਹਨ ਜਿਨ੍ਹਾਂ ਦੀ ਮਦਦ ਨਾਲ ਅਸੀਂ ਆਪਣੀ ਰਾਖੀ ਕਰ ਰਹੇ ਹਾਂ।

## ਪੰਜਾਬ ਕੈਬਨਿਟ ਮੀਟਿੰਗ ’ਚ ਅਹਿਮ ਫ਼ੈਸਲੇ

# ਖੇਤੀਬਾੜੀ ਨੀਤੀ ਬਣਾਉਣ ਨੂੰ ਹਰੀ ਝੰਡੀ

**ਚੰਡੀਗੜ੍ਹ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਕਿਸਾਨਾਂ ਦੀ ਭਲਾਈ ਯਕੀਨੀ ਬਣਾਉਣ ਅਤੇ ਅਨਾਜ ਉਤਪਾਦਨ ਵਿਚ ਵਧਾ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੰਤਰੀ ਮੰਡਲ ਨੇ ਵੀਰਵਾਰ ਨੂੰ ਸੂਬੇ ਲਈ ਨਵੀਂ ਖੇਤੀਬਾੜੀ ਨੀਤੀ ਬਣਾਉਣ ਨੂੰ ਹਰੀ ਝੰਡੀ ਦੇ ਦਿੱਤੀ। ਇਸ ਸਬੰਧੀ ਫੈਸਲਾ ਮੁੱਖ ਮੰਤਰੀ ਦੀ ਅਗਵਾਈ ਹੇਠ ਉਨ੍ਹਾਂ ਦੀ ਅਧਿਕਾਰਕ ਰਿਹਾਇਸ਼ ਉਤੇ ਮੰਤਰੀ ਮੰਡਲ ਦੀ ਹੋਈ ਮੀਟਿੰਗ ਵਿਚ ਲਿਆ ਗਿਆ। ਇਹ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਮੇਂ ਰਵਾਇਤੀ ਖੇਤੀ ਖੜੋਤ ਦੇ ਕੰਢੇ ਉਤੇ ਪੁੱਜ ਗਈ ਹੈ ਅਤੇ ਅਨਾਜ ਉਤਪਾਦਨ ਨੂੰ ਹੁਲਾਰਾ ਦੇਣ ਲਈ ਨਵੀਂ ਖੇਤੀਬਾੜੀ ਨੀਤੀ ਬਣਾਉਣ



ਦੀ ਲੋੜ ਹੈ। ਆਉਣ ਵਾਲੀਆਂ ਨਸਲਾਂ ਲਈ ਧਰਤੀ ਹੇਠਲਾ ਪਾਣੀ ਬਚਾਉਣ ਅਤੇ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਵੀ ਨਵੀਂ ਖੇਤੀਬਾੜੀ ਨੀਤੀ ਦੀ ਲੋੜ ਹੈ। ਮੀਟਿੰਗ ਵਿਚ ਫੈਸਲਾ ਹੋਇਆ ਕਿ ਨਵੀਂ ਖੇਤੀਬਾੜੀ ਨੀਤੀ ਬਣਾਉਣ ਲਈ ਸਾਰੇ ਵੱਡੇ ਭਾਈਵਾਲਾਂ ਦੀ ਰਾਇ ਲਈ ਜਾਵੇਗੀ।

### ਵੱਧ ਤੋਂ ਵੱਧ ਵਪਾਰੀਆਂ ਨੂੰ ਲਾਹਾ ਦੇਣ ਲਈ ਓ.ਟੀ.ਐੱਸ.-3 ਦਾ ਦਾਇਰਾ ਵਧੇਗਾ

ਮੰਤਰੀ ਮੰਡਲ ਨੇ ਪੰਜਾਬ ਦੇ ਵੱਧ ਤੋਂ ਵੱਧ ਵਪਾਰੀਆਂ ਨੂੰ ਲਾਭ ਦੇਣ ਲਈ ਵੈਟ ਦੇ ਲਟਕਦੇ ਕੇਸਾਂ ਦੇ ਨਿਬੇੜੇ ਲਈ ਓ.ਟੀ.ਐੱਸ.-3 ਦਾ ਦਾਇਰਾ ਵਧਾਉਣ ਦੀ ਵੀ ਸਹਿਮਤੀ ਦੇ ਦਿੱਤੀ। ਪੂਰੀ ਤਰ੍ਹਾਂ ਨਾਕਾਮ ਰਹੀਆਂ ਪਿਛਲੀਆਂ ਸਕੀਮਾਂ ਦੇ ਮੁਕਾਬਲੇ ਮੌਜੂਦਾ ਸਕੀਮ ਦਾ ਕਾਰੋਬਾਰੀਆਂ ਨੂੰ ਚੋਖਾ ਲਾਭ ਮਿਲਿਆ ਹੈ, ਜਿਸ ਨਾਲ ਇਸ ਓ.ਟੀ.ਐੱਸ. ਰਾਹੀਂ ਸੂਬਾ ਸਰਕਾਰ ਨੇ ਪਿਛਲੇ ਵਿੱਤੀ ਵਰ੍ਹੇ ਦੇ ਮੁਕਾਬਲੇ 164 ਕਰੋੜ ਰੁਪਏ ਵਾਧੂ ਕਮਾਏ। ਇਸ ਸਕੀਮ ਦਾ ਦਾਇਰਾ ਵਧਾਉਣ ਬਾਰੇ ਰਸਮੀ ਆਦੇਸ਼ ਜਲਦੀ ਜਾਰੀ ਕੀਤੇ ਜਾਣਗੇ।

## ਪੰਜਾਬ ਲਈ ਨਵੀਂ ਸਿੱਖਿਆ ਨੀਤੀ ਪੇਸ਼ ਕਰਨ ਬਾਰੇ ਬਣੀ ਸਹਿਮਤੀ

ਕੈਬਨਿਟ ਨੇ ਹੁਨਰ ਤੇ ਤਕਨੀਕ ਆਧਾਰਤ ਸਿੱਖਿਆ ਨੂੰ ਵੱਡਾ ਹੁਲਾਰਾ ਦੇਣ ਲਈ ਸੂਬੇ ਵਿਚ ਨਵੀਂ ਸਿੱਖਿਆ ਨੀਤੀ ਲਾਗੂ ਕਰਨ ਦੀ ਸਹਿਮਤੀ ਵੀ ਦੇ ਦਿੱਤੀ। ਇਸ ਨਾਲ ਜਿੱਥੇ ਸੂਬੇ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ, ਉੱਥੇ ਉਹ ਪੰਜਾਬ ਦੀ ਸਮਾਜਿਕ-ਆਰਥਿਕ ਤਰੱਕੀ ਦਾ ਅਨਿੱਖੜ ਅੰਗ ਬਣਨਗੇ। ਇਸ ਨੀਤੀ ਨਾਲ ਸੂਬੇ ਵਿਚ ਸਿੱਖਿਆ ਵਿਚ ਗੁਣਾਤਮਕ ਤਬਦੀਲੀ ਦੇਖਣ ਨੂੰ ਮਿਲੇਗੀ, ਜਿਸ ਨਾਲ ਨੌਜਵਾਨਾਂ ਨੂੰ ਵੱਡੇ ਪੱਧਰ ਉਤੇ ਫਾਇਦਾ ਮਿਲੇਗਾ।

**ਮੰਤਰੀ ਮੰਡਲ ਨੇ ਸੂਬੇ ਦਾ ਮਾਲੀਆ ਸਾਲਾਨਾ 2400 ਤੋਂ 3000 ਕਰੋੜ ਤੱਕ ਵਧਾਉਣ ਲਈ ਲਏ ਫੈਸਲੇ :** ਸਰਕਾਰੀ ਮਾਲੀਆ ਵਧਾਉਣ ਲਈ ਮੰਤਰੀ ਸਮੂਹ ਨੇ ਡੀਜ਼ਲ ਉਤੇ ਵੈਟ ਦਰ 12 ਫੀਸਦੀ+10 ਫੀਸਦੀ ਸਰਚਾਰਜ ਜਾਂ 10.02 ਰੁਪਏ ਪ੍ਰਤੀ ਲੀਟਰ (ਸਰਚਾਰਜ ਸਮੇਤ) ਜੋ ਵੀ ਜ਼ਿਆਦਾ ਹੋਵੇ, ਤੋਂ ਵਧਾ ਕੇ 13.09 ਫੀਸਦੀ+10 ਫੀਸਦੀ ਸਰਚਾਰਜ ਜਾਂ 10.94 ਰੁਪਏ ਪ੍ਰਤੀ ਲੀਟਰ (ਸਰਚਾਰਜ ਸਮੇਤ), ਜਿਹੜਾ ਵੀ ਜ਼ਿਆਦਾ ਹੋਵੇ, ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਪੈਟਰੋਲ ਉਤੇ ਵੈਟ 15.74 ਫੀਸਦੀ + 10 ਫੀਸਦੀ ਸਰਚਾਰਜ ਜਾਂ 14.32 ਰੁਪਏ ਪ੍ਰਤੀ ਲੀਟਰ (ਸਰਚਾਰਜ ਸਮੇਤ), ਜੋ ਵੀ ਵੱਧ ਹੋਵੇ, ਤੋਂ ਵਧਾ ਕੇ 16.52 ਫੀਸਦੀ +10 ਫੀਸਦੀ ਸਰਚਾਰਜ ਜਾਂ 14.88 ਰੁਪਏ ਪ੍ਰਤੀ ਲੀਟਰ (ਸਰਚਾਰਜ ਸਮੇਤ), ਜੋ ਵੀ ਜ਼ਿਆਦਾ ਹੋਵੇ, ਕਰ ਦਿੱਤਾ ਗਿਆ ਹੈ। ਇਸ ਦੇ ਨਤੀਜੇ ਵਜੋਂ ਡੀਜ਼ਲ ਉਤੇ ਵੈਟ 92 ਪੈਸੇ ਪ੍ਰਤੀ ਲੀਟਰ ਵਧੇਗਾ ਅਤੇ ਪੈਟਰੋਲ ਉਤੇ 61 ਪੈਸੇ ਪ੍ਰਤੀ ਲੀਟਰ ਵਧੇਗਾ। ਸੂਬਾ ਸਰਕਾਰ ਨੇ ਸੱਤ ਕਿੱਲੋਵਾਟ ਤੋਂ ਜ਼ਿਆਦਾ ਲੋਡ ਵਾਲੇ ਬਿਜਲੀ ਖਪਤਕਾਰਾਂ ਨੂੰ ਦਿੱਤੀ ਜਾਂਦੀ ਸਬਸਿਡੀ ਨੂੰ ਖ਼ਤਮ ਕਰਨ ਦਾ ਫੈਸਲਾ ਕੀਤਾ। ਇਸ ਨਾਲ ਸੂਬੇ ਦੇ ਮਾਲੀਆ ਵਿਚ 2400 ਤੋਂ 3000 ਕਰੋੜ ਰੁਪਏ ਵੱਧ ਆਉਣਗੇ।

**ਢੋਆ-ਢੁਆਈ ਵਾਲੇ ਵਾਹਨਾਂ ਤੇ ਆਟੋ-ਰਿਕਸ਼ਾ ਮਾਲਕਾਂ ਨੂੰ ਵੱਡੀ ਰਾਹਤ :** ਢੋਆ-ਢੁਆਈ ਵਾਲੇ ਵਾਹਨਾਂ ਤੇ ਥ੍ਰੀ ਵੀਲ੍ਹਰ (ਯਾਤਰੀ, ਆਟੋ ਰਿਕਸ਼ਾ) ਮਾਲਕਾਂ ਨੂੰ ਵੱਡੀ ਰਾਹਤ ਦਿੰਦਿਆਂ ਪੰਜਾਬ ਕੈਬਨਿਟ ਨੇ ਹਰੇਕ ਤਿਮਾਹੀ ਬਾਅਦ ਟੈਕਸ ਅਦਾ ਕਰਨ ਦੀ ਪ੍ਰਕਿਰਿਆ ਨੂੰ ਖ਼ਤਮ ਕਰਨ ਦੀ ਸਹਿਮਤੀ ਦੇ ਦਿੱਤੀ, ਜਿਸ ਨਾਲ ਮਾਲਕਾਂ ਦੀ ਬੇਲੋੜੀ ਪ੍ਰੇਸ਼ਾਨੀ ਘਟੇਗੀ। ਹੁਣ ਇਨ੍ਹਾਂ ਪੁਰਾਣੇ ਕਮਰਸ਼ੀਅਲ ਵਾਹਨਾਂ ਦੇ ਮਾਲਕ ਆਪਣੇ ਵਾਹਨਾਂ ਲਈ ਸਾਲਾਨਾ ਉੱਕਾ-ਪੁੱਕਾ ਟੈਕਸ ਜਮ੍ਹਾਂ ਕਰਵਾ ਸਕਣਗੇ।

## ਮੂਰਤੀ ਵਿਸਰਜਨ ਕਰਦੇ ਸਮੇਂ ਦਰਿਆ ਬਿਆਸ ’ਚ ਰੁੜ੍ਹੇ 4 ਨੌਜਵਾਨਾਂ ’ਚੋਂ 2 ਦੀਆਂ ਲਾਸ਼ਾਂ ਬਰਾਮਦ



**ਬਾਬਾ ਬਕਾਲਾ ਸਾਹਿਬ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਬੀਤੇ ਐਤਵਾਰ ਨੂੰ ਦਰਿਆ ਬਿਆਸ ਵਿਖੇ ਮੂਰਤੀ ਵਿਸਰਜਨ ਕਰਦੇ ਸਮੇਂ ਦਰਿਆ ਦੇ ਪਾਣੀ ’ਚ ਰੁੜ੍ਹੇ 4 ਨੌਜਵਾਨਾਂ ਵਿਚੋਂ ਦੋ ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ। ਸੂਤਰਾਂ ਅਨੁਸਾਰ ਉਕਤ ਲਾਸ਼ਾਂ ਗੋਇੰਦਵਾਲ ਸਾਹਿਬ ਦੇ ਨੇੜਿਓਂ ਬਰਾਮਦ ਕੀਤੀਆਂ ਗਈਆਂ ਹਨ। ਗੋਤਾਖੋਰਾਂ ਤੇ ਸੇਵਕ ਦਲਾਂ ਦੀ ਮਿਹਨਤ ਨਾਲ 72 ਘੰਟਿਆਂ ਬਾਅਦ ਉਕਤ ਦੋ ਲਾਸ਼ਾਂ ਦੀ ਰਿਕਵਰੀ ਹੋਈ ਹੈ, ਜਦਕਿ ਦੋ ਹੋਰ ਰੁੜ੍ਹੇ ਨੌਜਵਾਨਾਂ ਦੀਆਂ ਲਾਸ਼ਾਂ ਬਾਰੇ ਅਜੇ ਤੱਕ ਕੋਈ ਪਤਾ ਨਹੀਂ ਲੱਗ ਸਕਿਆ। ਜ਼ਿਕਰਯੋਗ ਹੈ ਕਿ ਬੀਤੇ ਦਿਨ ਬਾਅਦ ਦੁਪਹਿਰ ਬਿਆਸ ਦਰਿਆ ’ਚ ਮੂਰਤੀ ਵਿਸਰਜਨ ਕਰਦੇ ਸਮੇਂ 4 ਨੌਜਵਾਨਾਂ ਦੇ ਪਾਣੀ ਦੇ ਤੇਜ਼ ਵਹਾਅ ’ਚ ਰੁੜ੍ਹ ਜਾਣ ਦਾ ਦੁਖ਼ਦਾਈ ਸਮਾਚਾਰ ਪ੍ਰਾਪਤ ਹੋਇਆ ਸੀ। ਮੌਕੇ ’ਤੇ ਪੁੱਜੇ ਐੱਸ.ਡੀ.ਐੱਮ. ਰਵਿੰਦਰ ਸਿੰਘ ਅਰੋੜਾ ਅਤੇ ਥਾਣਾ ਮੁਖੀ ਬਿਆਸ ਹਰਪਾਲ ਸਿੰਘ ਸੋਹੀ ਨੇ ਦੱਸਿਆ ਕਿ ਦੇਰ ਸ਼ਾਮ ਯੂ.ਪੀ. ਨਿਵਾਸੀ ਪਰਿਵਾਰ, ਜੋ ਕਿ ਇਸ ਸਮੇਂ ਜਲੰਧਰ ’ਚ ਰਹਿ ਰਿਹਾ ਹੈ, ਦਰਿਆ ਬਿਆਸ ਵਿਚ ਮੂਰਤੀ ਵਿਸਰਜਨ ਕਰਨ ਲਈ ਆਇਆ ਸੀ। ਮੂਰਤੀ ਵਿਸਰਜਨ ਕਰਦੇ ਸਮੇਂ ਪਰਿਵਾਰ ’ਚੋਂ 4 ਨੌਜਵਾਨ ਪਾਣੀ ਦੇ ਤੇਜ਼ ਵਹਾਅ ’ਚ ਰੁੜ੍ਹ ਗਏ ਸਨ। ਜਿਸ ਤੋਂ ਬਾਅਦ 4 ਨੌਜਵਾਨਾਂ ਵਿਚੋਂ ਦੋ ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ।

## ਦਮਦਮੀ ਟਕਸਾਲ ਮਹਿਤਾ ਇਲਾਕੇ ’ਚ ਫਿਰੌਤੀਆਂ ਤੋਂ ਡਰੇ ਕਾਰੋਬਾਰੀਆਂ ਦੇ ਹੱਕ ’ਚ ਡਟੀ

### ਸ਼ਰਾਰਤੀ ਅਨਸਰ ਲੋਕਾਂ ਨੂੰ ਧਮਕਾਉਣ ਤੋਂ ਬਾਜ਼ ਆਉਣ : ਸੰਤ ਗਿ. ਹਰਨਾਮ ਸਿੰਘ ਖਾਲਸਾ

**ਚੌਂਕ ਮਹਿਤਾ, 5 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਕਸਬਾ ਚੌਂਕ ਮਹਿਤਾ ਵਿਖੇ ਫਿਰੌਤੀਆਂ ਨੂੰ ਲੈ ਕੇ ਮਿਲ ਰਹੀਆਂ ਧਮਕੀਆਂ ਤੇ ਦੁਕਾਨਾਂ ’ਤੇ ਚਲਾਈਆਂ ਜਾ ਰਹੀਆਂ ਗੋਲੀਆਂ ਤੋਂ ਪ੍ਰੇਸ਼ਾਨ ਦੁਕਾਨਦਾਰਾਂ ਤੇ ਵਪਾਰੀਆਂ ਨੇ ਅੱਜ ਇੱਥੇ ਗੁ. ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਦਮਦਮੀ ਟਕਸਾਮ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨਾਲ ਮੁਲਾਕਾਤ ਕੀਤੀ ਤੇ ਆਪਣਾ ਦੁੱਖ ਸਾਂਝਾ ਕੀਤਾ। ਮੀਟਿੰਗ ’ਚ ਹਾਜ਼ਰ ਸਥਾਨਕ ਲੋਕਾਂ ਦੀ ਦੁੱਖ ਤਕਲੀਫ ਸੁਣਦੇ ਹੋਏ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਭਰੋਸਾ ਦਿੱਤਾ ਕਿ ਟਕਸਾਲ ਹਮੇਸ਼ਾ ਉਨ੍ਹਾਂ ਨਾਲ ਖੜ੍ਹੀ ਹੈ ਤੇ ਉਨ੍ਹਾਂ ਨੂੰ ਕਿਸੇ ਕਿਸਮ ਦਾ ਡਰ ਰੱਖਣ ਦੀ ਲੋੜ ਨਹੀਂ। ਉਹ ਨਿਡਰ ਤੇ ਨਿਰਭੈਅ ਹੋ ਕੇ ਆਪਣੇ ਵਪਾਰ ਕਰਨ ਤੇ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਕਰਨ। ਉਨ੍ਹਾਂ ਨੇ ਸਖਤ ਸ਼ਬਦਾਂ ’ਚ ਕਿਹਾ ਕਿ ਉਹ ਇਨ੍ਹਾਂ ਕੋਝੀਆਂ ਹਰਕਤਾਂ ਤੋਂ ਬਾਜ਼ ਆ ਜਾਣ, ਨਹੀਂ ਤਾਂ ਦਮਦਮੀ ਟਕਸਾਲ ਵੱਲੋਂ ਕੋਈ ਸਖਤ ਨੀਤੀ ਅਖਤਿਆਰ ਕੀਤੀ ਜਾਵੇਗੀ। ਇਸ ਮੌਕੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਵੱਲੋਂ ਇਕ 11 ਮੈਂਬਰੀ ਕਮੇਟੀ ਵੀ ਗਠਿਤ ਕੀਤੀ ਗਈ, ਜੋ ਆਮ ਲੋਕਾਂ ਦਾ ਦਮਦਮੀ ਟਕਸਾਲ ਨਾਲ ਤਾਲਮੇਲ ਬਣਾ ਕੇ ਰੱਖੇਗੀ। ਇਸ ਮੌਕੇ ਪੀ ਬੀ ਐਸ ਮੌਲ ਦੇ ਮਾਲਕ ਬਲਕਾਰ ਸਿੰਘ ਬਾਠ, ਸਰਪੰਚ ਕਸ਼ਮੀਰ ਸਿੰਘ ਮਹਿਤਾ, ਸਰਪੰਚ ਹਰਜਿੰਦਰ ਸਿੰਘ ਜੱਜ, ਸਰਪੰਚ ਮਨਦੀਪ ਸਿੰਘ ਸੋਨਾ, ਪ੍ਰਧਾਨ ਜਤਿੰਦਰ ਸਿੰਘ ਲੱਧਾਮੁੰਡਾ, ਤੇਜਿੰਦਰ ਸਿੰਘ ਲਾਡੀ, ਇੰਦਰਜੀਤ ਸਿੰਘ ਕਾਕੂ, ਪ੍ਰਧਾਨ ਅਜੈ ਗਾਂਧੀ ਆਦਿ ਵਰਗ ਹਾਜ਼ਰ ਸਨ।



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ










**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ












ASA Gas Heating Solution Ltd.

Boilers
Certificates
Gas Work
Cylinders
Maintenance Services
Gas Safety Inspections
Plumbing Work

Vaillant APPROVED INSTALLER
WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।










## www.khalsaforge.com


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715 1-28621


ITHIHAAS
KATHA
GIANI BALVINDER SINGH 'RODE'
HEAD GRANTHI
GURDWARA SANT KHALSA JANAM ASTHAN
SANT JARNAIL SINGH KHALSA BHINDRANWALE
7-8PM
MON 9TH - THURSDAY 12TH
SEPTEMBER
10:30AM - 11:15AM
SUNDAY 15TH SEPTEMBER
ਆਵਾਜ਼ਿ ਕੌਮ
AWAZE QAUM
International Newspaper & WEB TV
SRI GURU SINGH SABHA, SHEEHY WAY, SLOUGH, SL2 5SS

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ

# ਸਾਰਾਗੜ੍ਹੀ ਦੇ ਮਹਾਨ ਸ਼ਹੀਦ ਸਰਦਾਰ ਈਸ਼ਰ ਸਿੰਘ ਜੀ ਦੀ

# ਯਾਦ 'ਚ ਧਾਰਮਿਕ ਸਮਾਗਮ

## 8 ਸਤੰਬਰ 2024, ਗੁਰੂ ਨਾਨਕ ਗੁਰਦੁਆਰਾ ਸਾਹਿਬ ਵੈਡਨਸਫੀਲਡ ਵਿਖੇ



**ਗੁਰੂ ਰੂਪ ਸਾਧ ਸੰਗਤ ਜੀਓ**

ਦਸਮ ਪਾਤਸ਼ਾਹ ਵੱਲੋਂ ਸਾਜੇ ਹੋਏ ਖਾਲਸਾ ਪੰਥ ਨੇ ਹਮੇਸ਼ਾ ਹੀ ਜੁਲਮ ਦੇ ਵਿਰੁੱਧ ਤਲਵਾਰ ਚੁੱਕਕੇ ਜਿੱਥੇ ਜਾਲਮਾਂ ਨੂੰ ਮਾਤ ਦਿੱਤੀ ਹੈ ਉੱਥੇ ਹੀ ਦੇਸ਼ ਵਿਦੇਸ਼ ਵਿੱਚ ਗੁਰੂ ਕੀਆਂ ਲਾਡਲੀਆਂ ਫੌਜਾਂ ਨੇ ਜੁਲਮ ਵਿਰੁੱਧ ਸੰਘਰਸ਼ ਕਰਦਿਆਂ ਹਸ ਹਸ ਕੇ ਸ਼ਹੀਦੀਆਂ ਵੀ ਪਾਈਆਂ ਹਨ। ਆਪਾਂ ਹਰ ਰੋਜ਼ ਅਰਦਾਸ ਵਿੱਚ ਆਪਣੇ ਮਹਾਨ ਸ਼ਹੀਦਾਂ ਨੂੰ ਯਾਦ ਵੀ ਕਰਦੇ ਹਾਂ।

ਪੰਥ ਦੇ ਅਜਿਹੇ ਸ਼ਹੀਦਾਂ ਵਿੱਚੋਂ ਹੀ ਇੱਕ ਸਿਰਲੱਥ ਸੂਰਮੇ ਭਾਈ ਈਸ਼ਰ ਸਿੰਘ ਜੀ, ਜਿਨ੍ਹਾਂ ਨੇ ਦਸ ਹਜਾਰ ਕਬਾਇਲੀਆਂ ਦਾ ਮੁਕਾਬਲਾ ਕਰਦਿਆਂ ਆਪਣੇ ਸਾਥੀਆਂ ਸਮੇਤ ਆਖਰੀ ਸੁਆਸ ਤੱਕ ਜੂਝਦਿਆਂ ਸ਼ਹਾਦਤ ਦਾ ਜਾਮ ਪੀਤਾ, ਉਨ੍ਹਾਂ ਦੀ ਸਦੀਵੀ ਯਾਦ ਸਥਾਪਤ ਕਰਨ ਲਈ ਉਨ੍ਹਾਂ ਦਾ ਬੁੱਤ ਗੁਰੂ ਨਾਨਕ ਗੁਰਦਆਰਾ ਵੈਡਨਸਫੀਲਡ ਵਿਖੇ ਸਥਾਪਤ ਕੀਤਾ ਗਿਆ ਸੀ।

ਸਾਰਾਗੜ੍ਹੀ ਦੇ ਮਹਾਨ ਸ਼ਹੀਦ ਸਰਦਾਰ ਈਸ਼ਰ ਸਿੰਘ ਜੀ ਦੀ ਯਾਦ 'ਚ ਧਾਰਮਿਕ ਸਮਾਗਮ 8 ਸਤੰਬਰ 2024 ਦਿਨ ਐਤਵਾਰ ਨੂੰ ਗੁਰੂ ਨਾਨਕ ਗੁਰਦੁਆਰਾ ਸਾਹਿਬ ਵੈਡਨਸਫੀਲਡ ਵਿਖੇ ਕਰਵਾਇਆ ਜਾ ਰਿਹਾ ਹੈ। ਸਮੂਹ ਸੰਗਤ ਨੂੰ ਇਸ ਮੌਕੇ ਵੱਧ ਤੋਂ ਵੱਧ ਗਿਣਤੀ 'ਚ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

**ਕੌਮਾਂ ਉਹ ਹੀ ਜੱਗ ਤੇ ਜਿਉਂਦੀਆਂ ਨੇ ਜਿਹੜੀ ਕੌਮ ਨੂੰ ਮਰਨ ਦਾ ਝੱਲ ਪੈ ਜਾਏ**
**ਪੈਂਦਾ ਅੰਤ ਨੂੰ ਮੁੱਲ ਕੁਰਬਾਨੀਆਂ ਦਾ ਭਾਵੇਂ ਅੱਜ ਪੈ ਜਾਏ ਭਾਵੇਂ ਕੱਲ੍ਹ ਪੈ ਜਾਏ।**



## -- ★ ਪ੍ਰੋਗਰਾਮ ★--

ਸਾਰਾਗੜ੍ਹੀ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ 8 ਸਤੰਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਗੁਰੂ ਨਾਨਕ ਗੁਰੁਦੁਆਰਾ ਸਾਹਿਬ wednesfield ਵਿਖੇ ਪੈਣਗੇ।
ਅਰਦਾਸ ਉਪਰੰਤ ਕੀਰਤਨ ਹੋਵੇਗਾ।
ਗਿਆਰਾਂ ਵਜੇ ਬ੍ਰਿਟਿਸ਼ ਆਰਮੀ ਵੱਲੋਂ ਸਾਗਗੜੀ ਦੇ ਸਮੂਹ ਸ਼ਹੀਦਾ ਨੂੰ ਸ਼ਰਧਾਂਜ਼ਲੀ ਭੇਂਟ ਸਮਾਗਮ ਹੋਣਗੇ।
ਇਸ ਸਮਾਗਮ ਵਿੱਚ ਲੋਕਲ ਐਮ.ਪੀ., ਕੌਂਸਲਰ ਅਤੇ ਪ੍ਰਚਾਰਕ ਪਹੁੰਚਣਗੇ।
ਪ੍ਰਬੰਧਕਾਂ ਵੱਲੋਂ ਆਪ ਸਭ ਜੀ ਨੂੰ ਬੇਨਤੀ ਹੈ ਕੇ ਸਾਰਾਗੜ੍ਹੀ ਦੇ ਸਮੂਹ ਸ਼ਹੀਦਾਂ ਦੀ ਇਸ ਯਾਦਗਾਰ ਮੌਕੇ ਵੱਧ ਤੋਂ ਵੱਧ ਪਹੁੰਚ ਕੇ ਉਹਨਾਂ ਨੂੰ ਸਰਧਾਂਜਲੀ ਭੇਂਟ ਕਰੋ ਜੀ।



## ਸੱਦਾ ਪੱਤਰ



The Council of Sikh Gurdwaras
Wolverhampton

Sunday 8th September 2024

Yours Sincerely,
Council of Sikh Gurdwaras Wolverhampton

ਵੈਡਨਸਫੀਲਡ ਗੁਰੂਘਰ ਦੀਆਂ ਸਮੂਹ ਸੰਗਤਾਂ ਵੱਲੋਂ
ਆਪ ਜੀ ਨੂੰ ਇਸ ਸਮਾਗਮ ਤੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :-
ਭਾਈ ਪਰਮਜੀਤ ਸਿੰਘ ਢਾਡੀ
07917353349

ਸਾਰੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਣ ਆਵਾਜ਼ਿ ਕੌਮ AWAZE QAUM WEB TV 'ਤੇ ਦੇਖਿਆ ਜਾ ਸਕਦਾ ਹੈ।

# GURU NANAK GURDAWARA

Well Lane, Wednesfield, Wolverhampton,WV11, 1XT, England (UK)

ਧੰਨ ਧੰਨ ਸਾਹਿਬ ਸਤਿਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਸਮਾਗਮਾਂ ਦੌਰਾਨ

# ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਥੇ ਸਮੇਤ ਨਤਮਸਤਕ ਹੋਏ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ











ਧੰਨ ਧੰਨ ਸਾਹਿਬ ਸਤਿਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਮਿਤੀ 4 ਸਤੰਬਰ 2024 ਨੂੰ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਜੀ ਵਿਖੇ ਜਥੇ ਸਮੇਤ ਦਰਸ਼ਨ ਦੀਦਾਰ ਕਰਨ ਤੋਂ ਉਪਰੰਤ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੇ ਸਨਮੁਖ ਗੁਰ ਇਤਿਹਾਸ ਦੀ ਕਥਾ ਵਿਚਾਰ ਸੰਗਤਾਂ ਨੂੰ ਸ੍ਰਵਣ ਕਰਵਾਂਉਣਗੇ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ।



ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਸੁਭ ਕਰਮਨ ਤੇ ਕਬਹੂੰ ਨ ਟਰੋਂ ।।
ਸੁਭ ਕਰਮਨ ਤੇ ਕਬਹੂੰ ਨ ਟਰੋਂ
A.I.S.S.F.
ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ
ਜਨਰਲ ਇਜਲਾਸ
ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ
ਅਸਥਾਨ: ਮੀਰੀ ਪੀਰੀ ਹਾਲ
ਬੀੜ ਬਾਬਾ ਬੁੱਢਾ ਸਾਹਿਬ
ਪਿੰਡ ਠੱਠਾ (ਤਰਨ ਤਾਰਨ)
ਮਿਤੀ : 10 ਸਤੰਬਰ 2024
(ਦਿਨ ਮੰਗਲਵਾਰ)
ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ
ਸਮੂੰਹ ਸੰਗਤਾਂ ਨੂੰ ਉਪਰੋਕਤ ਅਸਥਾਨ ਅਤੇ ਸਮੇ ਤੇ
ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ ।
ਗੁਰੂ ਪੰਥ ਦਾ ਦਾਸ:
ਭਾਈ ਮਨਜੀਤ ਸਿੰਘ
ਸਰਪ੍ਰਸਤ ਆਲ ਇੰਡੀਆ ਸਿੱਖ
ਸਟੂਡੈਂਟਸ ਫੈਡਰੇਸ਼ਨ
ਭਾਈ ਕੰਵਰ ਚੜ੍ਹਤ ਸਿੰਘ
ਪ੍ਰਧਾਨ ਆਲ ਇੰਡੀਆ ਸਿੱਖ
ਸਟੂਡੈਂਟਸ ਫੈਡਰੇਸ਼ਨ
M: 9878782228
ਆਵਾਜ਼ਿ ਕੌਮ
AWAZE QAUM
International Newspaper & WEB TV

ਅੱਜ 6 ਸਤੰਬਰ ਨੂੰ

# ਜ਼ਿਲ੍ਹੇ ਦੇ 29 ਸਰਬੋਤਮ ਅਧਿਆਪਕਾਂ ਨੂੰ ਕੀਤਾ ਜਾਏਗਾ ਸਨਮਾਨਿਤ




**ਫ਼ਿਰੋਜ਼ਪੁਰ, 05 ਸਤੰਬਰ: ਸੁਖਮੰਦਰ ਸਿੰਘ ਸ਼ਾਤ** -ਭਾਰਤ ਵਿੱਚ ਰਾਸ਼ਟਰੀ ਅਧਿਆਪਕ ਦਿਵਸ ਹਰ ਸਾਲ 5 ਸਤੰਬਰ ਨੂੰ ਮਨਾਇਆ ਜਾਂਦਾ ਹੈ। ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਜੀਵਨ ਵਿੱਚ ਇਹ ਬਹੁਤ ਮਹੱਤਵਪੂਰਨ ਅਤੇ ਵਿਸ਼ੇਸ਼ ਦਿਨ ਹੁੰਦਾ ਹੈ।ਇਸ ਦਿਨ ਨੂੰ ਡਾ: ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜਨਮ ਦਿਨ ਵਜੋਂ ਮਨਾਇਆ ਜਾਂਦਾ ਹੈ ਜੋ ਭਾਰਤ ਦੇ ਪਹਿਲੇ ਉਪ ਰਾਸ਼ਟਰਪਤੀ ਅਤੇ ਦੂਜੇ ਰਾਸ਼ਟਰਪਤੀ ਸਨ। ਇਸ ਦਿਨ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀਮਤੀ ਮੁਨੀਲਾ ਅਰੋੜਾ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਸਤਿੰਦਰ ਸਿੰਘ (ਨੈਸ਼ਨਲ ਐਵਾਰਡੀ) ਦੀ ਅਗਵਾਈ ਵਿੱਚ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਵੱਲੋਂ ਜ਼ਿਲ੍ਹੇ ਦੇ 29 ਅਧਿਆਪਕਾਂ ਦਾ ਵਿਸ਼ੇਸ਼ ਸਨਮਾਨ 06 ਸਤੰਬਰ ਨੂੰ ਕੀਤਾ ਜਾਵੇਗਾ। ਇਸ ਪ੍ਰੋਗਰਾਮ ਦੇ ਨੋਡਲ ਇੰਚਾਰਜ ਸਟੇਟ ਐਵਾਰਡੀ ਉਮੇਸ਼ ਕੁਮਾਰ ਹੈੱਡ ਮਾਸਟਰ ਨੇ ਦੱਸਿਆ ਕਿ ਹਰੇਕ ਬਲਾਕ ਵਿੱਚੋਂ ਬੀ.ਐਨ.ਓ. ਵਲੋਂ ਦੋ-ਦੋ ਸਰਬੋਤਮ ਅਧਿਆਪਕਾਂ ਦੇ ਨਾਮ ਲਏ ਗਏ ਸਨ, ਜਿਨ੍ਹਾਂ ਨੇ ਅਧਿਆਪਨ ਕੀਤੇ ਵਿੱਚ ਬੁਲੰਦੀਆਂ ਹਾਸਲ ਕੀਤੀਆਂ ਹਨ। ਬੱਚਿਆਂ ਦੇ ਸੁਨਿਹਰੀ ਭਵਿੱਖ ਲਈ ਉਨ੍ਹਾਂ ਨੇ ਬਹੁਤ ਮਿਹਨਤ ਕੀਤੀ ਹੈ ਅਤੇ ਵੱਖ-ਵੱਖ ਉਪਲਬੱਧੀਆਂ ਹਾਸਲ ਕੀਤੀਆਂ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਦੋ ਪ੍ਰਿੰਸੀਪਲ ਅਤੇ ਦੋ ਹੈੱਡ ਮਾਸਟਰ ਦੇ ਵਿਸ਼ੇਸ਼ ਕਾਰਜਾਂ ਲਈ ਵੀ ਉਨ੍ਹਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਨਮਾਨਿਤ ਕੀਤਾ ਜਾਣਾ ਹੈ।


Gurmeet Singh Ajay Kumar

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਵਿਧਾਨ ਸਭਾ ਨੇ ਲਏ ਕਈ ਲੋਕ ਪੱਖੀ ਤੇ ਇਤਿਹਾਸਕ ਫੈਸਲੇ - ਭੁੱਲਰ

# ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਨੂੰ 5-5 ਲੱਖ ਰਪਏ ਦੀ ਗਰਾਂਟ ਦਿੱਤੀ ਜਾਵੇਗੀ

**ਫ਼ਿਰੋਜ਼ਪੁਰ, 05 ਸਤੰਬਰ: ਸੁਖਮੰਦਰ ਸਿੰਘ ਸ਼ਾਤ** -ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਵਿਧਾਨ ਸਭਾ ਨੇ ਕਈ ਲੋਕ ਪੱਖੀ ਤੇ ਇਤਿਹਾਸਕ ਫੈਸਲੇ ਲਏ ਗਏ। ਜਿਨ੍ਹਾਂ ਵਿੱਚ ਪੰਜਾਬ ਗੁੱਡਜ਼ ਐਂਡ ਸਰਵਿਸਜ਼ ਟੈਕਸ (ਸੋਧਨਾ) ਬਿੱਲ, 2024, ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਬਿੱਲ, 2024, ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿੱਲ, 2024, ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਸੋਧਨਾ) ਬਿੱਲ 2024 ਤੋਂ ਇਲਾਵਾ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿੱਲ, 2024 (ਪਾਪਰਾ ਐਕਟ) ਸ਼ਾਮਲ ਹਨ। ਵਿਧਾਇਕ ਸ. ਰਣਬੀਰ ਸਿੰਘ ਭੁੱਲਰ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀਆਂ ਇਨ੍ਹਾਂ ਪਹਿਲਕਦਮੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦੀ ਆਮ ਲੋਕਾਂ ਦੀ ਭਲਾਈ ਪ੍ਰਤੀ ਵਚਨਬੱਧਤਾ ਅਤੇ ਰਾਜ ਦੇ ਹਰ ਵਰਗ ਦੀ ਤਰੱਕੀ ਤੇ ਵਿਕਾਸ ਲਈ ਦ੍ਰਿੜ ਨਿਸ਼ਚਿਤਤਾ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਰਾਜ ਦੇ ਲੋਕਾਂ ਦੀ ਭਲਾਈ ਲਈ ਪੂਰੀ ਤਰਾਂ ਵਚਨਬੱਧ ਹੈ।

ਸ. ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬਾ ਸਰਕਾਰ ਨੇ ਵਡੇਰੇ ਜਨਤਕ ਹਿੱਤਾਂ ਲਈ ਉਮੀਦਵਾਰਾਂ ਨੂੰ ਪਾਰਟੀ ਦੇ ਚੋਣ ਨਿਸ਼ਾਨ 'ਤੇ ਚੋਣ ਲੜਨ ਤੋਂ ਰੋਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਚਾਇਤੀ ਚੋਣਾਂ ਛੇਤੀ ਹੀ ਕਰਵਾਈਆਂ ਜਾਣਗੀਆਂ ਅਤੇ ਜਿਹੜਾ ਵੀ ਪਿੰਡ ਸਰਬਸੰਮਤੀ ਨਾਲ ਪੰਚਾਇਤ ਦੀ ਚੋਣ ਕਰੇਗਾ, ਉਸ ਪਿੰਡ ਨੂੰ 5 ਲੱਖ ਰੁਪਏ ਦੀ ਗ੍ਰਾਂਟ ਤੋਂ ਇਲਾਵਾ ਸਟੇਡੀਅਮ ਜਾਂ ਸਕੂਲ ਜਾਂ ਹਸਪਤਾਲ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਪਿੰਡਾਂ ਵਿੱਚੋਂ ਧੜੇਬੰਦੀ ਦੂਰ ਹੋਵੇਗੀ ਅਤੇ ਪਿੰਡਾਂ ਦਾ ਸਰਬਪੱਖੀ ਵਿਕਾਸ ਹੋਵੇਗਾ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਵੈਟ ਦੇ ਲਟਕਦੇ ਕੇਸਾਂ ਲਈ ਯਕਮੁਸ਼ਤ ਨਿਬੇੜਾ ਸਕੀਮ (ਓ.ਟੀ.ਐਸ.) ਨੂੰ ਸਫ਼ਲਤਾ ਪੂਰਵਕ ਲਾਗੂ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਓ.ਟੀ.ਐਸ. ਰਾਹੀਂ ਪਿਛਲੇ ਵਿੱਤੀ ਵਰ੍ਹੇ ਦੇ ਮੁਕਾਬਲੇ ਸਰਕਾਰ ਨੇ 164 ਕਰੋੜ ਰੁਪਏ ਤੋਂ ਵੱਧ ਕਮਾਏ ਹਨ। ਉਨ੍ਹਾਂ ਕਿਹਾ ਕਿ ਆਗਾਮੀ ਦਿਨਾਂ ਵਿੱਚ ਵੀ ਨਵੀਂ ਓ.ਟੀ.ਐਸ. ਲਿਆਂਦੀ ਜਾਵੇਗੀ।



ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨੇ 'ਫਾਇਰ ਐਂਡ ਐਮਰਜੈਂਸੀ ਸਰਵਿਸ ਬਿੱਲ' ਪੇਸ਼ ਕੀਤਾ ਜਿਸ ਨੂੰ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਇਕ ਇਤਿਹਾਸਕ ਪਹਿਲਕਦਮੀ ਹੈ ਜੋ ਸੂਬੇ ਵਿੱਚ ਮਹਿਲਾ ਸਸ਼ਕਤੀਕਰਨ ਨੂੰ ਹੋਰ ਯਕੀਨੀ ਬਣਾਉਣ ਲਈ ਰਾਹ ਪੱਧਰਾ ਕਰੇਗੀ। ਉਨ੍ਹਾਂ ਦੱਸਿਆ ਕਿ ਫਾਇਰ ਬ੍ਰਿਗੇਡ ਸਟਾਫ਼ ਵਿੱਚ ਔਰਤਾਂ ਦੀ ਭਰਤੀ ਕਰਨ ਲਈ ਸਰੀਰਕ ਮਾਪਦੰਡ ਬਦਲਣ ਲਈ ਨਿਯਮਾਂ ਵਿੱਚ ਲੋੜੀਂਦੀਆਂ ਸੋਧਾਂ ਕੀਤੀਆਂ ਜਾ ਰਹੀਆਂ

ਵਿਧਾਇਕ ਸ. ਭੁੱਲਰ ਨੇ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿੱਲ, 2024 ਨੂੰ ਗੈਰ-ਕਾਨੂੰਨੀ ਕਲੋਨੀਆਂ ਵਿੱਚ ਪਲਾਟ ਖਰੀਦਣ ਵਾਲੇ ਵਿਅਕਤੀਆਂ ਲਈ ਇੱਕ ਵੱਡੀ ਰਾਹਤ ਕਰਾਰ ਦਿੱਤਾ। ਉਨ੍ਹਾਂ ਨੇ ਪਿਛਲੀਆਂ ਸਰਕਾਰਾਂ ਦੀ ਗੈਰ-ਕਾਨੂੰਨੀ ਕਾਲੋਨੀਆਂ ਕੱਟਣ ਵਾਲੇ ਕਲੋਨਾਈਜ਼ਰਾਂ ਦਾ ਸਮਰਥਨ ਕਰਨ ਲਈ ਨਿੰਦਾ ਕੀਤੀ, ਜਿਸ ਦੇ ਨਤੀਜੇ ਵਜੋਂ ਅੱਜ ਸ਼ਹਿਰਾਂ ਵਿੱਚ ਸਲੱਮ ਬਣ ਗਏ ਹਨ।ਉਨ੍ਹਾਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੇ ਪਾਪਰਾ ਐਕਟ, 1995 ਵਿੱਚ ਸਾਲ 2014, 2016 ਅਤੇ 2018 ਦੌਰਾਨ ਸੋਧਾਂ ਕੀਤੀਆਂ, ਪਰ ਇਹਨਾਂ ਸੋਧਾਂ ਨੇ ਆਮ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ ਮੁੱਖ ਤੌਰ 'ਤੇ ਗੈਰ-ਕਾਨੂੰਨੀ ਕਾਲੋਨੀਆਂ ਕੱਟਣ ਵਾਲਿਆਂ ਦਾ ਹੀ ਪੱਖ ਪੂਰਿਆ।ਅਜਿਹੀਆਂ ਮਾੜੀਆਂ ਨੀਤੀਆਂ ਬਦੌਲਤ ਅੱਜ ਰਾਜ ਭਰ 'ਚ ਲਗਭਗ 14,000 ਗੈਰ-ਕਾਨੂੰਨੀ ਕਲੋਨੀਆਂ ਹਨ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਵਿਅਕਤੀਆਂ ਨੇ 500 ਗਜ਼ ਤੱਕ ਦੇ ਪਲਾਟਾਂ ਲਈ 31 ਜੁਲਾਈ, 2024 ਤੋਂ ਪਹਿਲਾਂ ਲਿਖਤੀ ਬਿਆਨਾਂ (ਸੇਲ ਐਗਰੀਮੈਂਟ), ਮੁਖ਼ਤਿਆਰਨਾਮਾ (ਪਾਵਰ ਆਫ਼ ਅਟਾਰਨੀ) ਅਤੇ ਬੈਂਕ ਰਾਹੀਂ ਲੈਣ-ਦੇਣ ਕੀਤਾ ਹੈ, ਉਹ ਇਸ ਸਾਲ 2 ਨਵੰਬਰ ਤੱਕ ਬਿਨਾਂ ਕਿਸੇ ਇਤਰਾਜ਼ਹੀਣਤਾ ਸਰਟੀਫਿਕੇਟ (ਐਨਓਸੀ) ਤੋਂ ਰਜਿਸਟਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਰਾਜ ਦੇ ਲੋਕਾਂ ਦੀ ਭਲਾਈ ਲਈ ਪਾਸ ਕੀਤੇ ਬਿੱਲਾਂ, ਸਕੀਮਾਂ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਰਾਜ ਦੇ ਸਾਰੇ ਵਰਗਾਂ ਨੂੰ ਇਨ੍ਹਾਂ ਦਾ ਭਰਪੂਰ ਲਾਭ ਮਿਲੇਗਾ।

☛ ਅੱਗ ਬੁਝਾਊ ਸਟਾਫ ਵਿੱਚ ਕੁੜੀਆਂ ਦੀ ਭਰਤੀ ਲਈ ਨਿਯਮਾਂ ਵਿੱਚ ਢਿੱਲ ਦੇਣ ਦਾ ਵਾਅਦਾ ਕੀਤਾ ਪੂਰਾ
☛ ਪਾਪਰਾ ਐਕਟ ਵਿੱਚ ਸੋਧ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੰਜਾਬ ਦੇ ਲੋਕਾਂ ਨੂੰ ਵੱਡਾ ਤੋਹਫਾ ☛ ਗੈਰ-ਕਾਨੂੰਨੀ ਕਾਲੋਨੀਆਂ ਨੂੰ ਰੋਕਣ ਦੇ ਨਾਲ-ਨਾਲ ਰੀਅਲ ਅਸਟੇਟ ਸੈਕਟਰ ਨੂੰ ਨਿਯਮਤ ਕਰੇਗੀ ਸੋਧ

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਉਚਾਨਾ ਵਿਖੇ 15 ਸਤੰਬਰ ਨੂੰ ਕੀਤੇ ਜਾ ਰਹੇ ਵੱਡੇ ਮੋਰਚੇ ਵਿੱਚ ਪਹੁੰਚਣ ਲਈ ਬੀਕੇਯੂ ਸਿੱਧੂਪੁਰ ਨੇ ਕਿਸਾਨਾਂ ਨੂੰ ਕੀਤਾ ਲਾਮਬੰਦ



**ਤਲਵੰਡੀ ਸਾਬੋ, 05 ਸਤੰਬਰ (ਗੁਰਜੰਟ ਸਿੰਘ ਨਥੇਹਾ)**- ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਬਲਾਕ ਤਲਵੰਡੀ ਸਾਬੋ ਦੇ ਬਲਾਕ ਪ੍ਰਧਾਨ ਮਹਿਮਾ ਸਿੰਘ ਦੀ ਅਗਵਾਈ ਵਿੱਚ ਪਿੰਡ ਮਲਕਾਣਾ ਦੀ ਅਨਾਜ਼ ਮੰਡੀ ਵਿੱਚ ਮਹੀਨਾ ਵਾਰ ਮੀਟਿੰਗ ਕੀਤੀ ਗਈ ਜਿਸ ਵਿੱਚ ਜਿਲਾ ਜਰਨਲ ਸਕੱਤਰ ਰੇਸ਼ਮ ਸਿੰਘ ਯਾਤਰੀ ਵਿਸ਼ੇਸ਼ ਤੌਰ 'ਤੇ ਹਾਜਰ ਹੋਏ। ਉਹਨਾਂ ਦੇ ਨਾਲ ਬਲਵਿੰਦਰ ਸਿੰਘ ਜੋਧਪੁਰ ਬਲਾਕ ਪ੍ਰਧਾਨ ਮੌੜ, ਬਲਵਿੰਦਰ ਸਿੰਘ ਬੁਰਜ ਮਾਨਸਾ ਮੌੜ ਖਜਾਨਚੀ ਕਰਨੈਲ ਸਿੰਘ ਵੀ ਸ਼ਾਮਿਲ ਹਏ।ਅੱਜ ਦੀ ਮੀਟਿੰਗ ਵਿੱਚ ਖਨੌਰੀ ਬਾਰਡਰ ਉਪਰ ਚੱਲ ਰਹੇ ਕਿਸਾਨ ਮੋਰਚੇ ਵਿੱਚ ਗਿਣਤੀ ਵਧਾਉਣ ਸੰਬੰਧੀ ਵਿਚਾਰ ਵਟਾਂਦਰਾ ਕਰਨ ਦੇ ਨਾਲ ਨਾਲ ਕਿਸਾਨੀ ਮੰਗਾਂ ਮੰਨਣ ਦੇ ਬਾਵਜੂਦ ਵੀ ਕੇਂਦਰ ਸਰਕਾਰ ਵੱਲੋਂ ਪਾਸਾ ਵੱਟਕੇ ਕਿਸਾਨਾਂ ਉਪਰ ਗਲਤ ਨੀਤੀਆਂ ਲਾਗੂ ਕਰਨ ਸੰਬੰਧੀ ਗੱਲ ਕਰਦਿਆਂ ਆਗੂਆਂ ਵੱਲੋਂ ਖੁੱਲ੍ਹਾ ਚਾਨਣਾ ਪਾਇਆ ਗਿਆ। ਇਸਤੋਂ ਇਲਾਵਾ ਹਰਿਆਣਾ ਦੇ ਸ਼ਹਿਰ ਉਚਾਨਾ ਵਿੱਚ 15 ਸਤੰਬਰ ਨੂੰ ਹੋਣ ਜਾ ਰਹੇ ਕਿਸਾਨਾਂ ਦੇ ਵੱਡੇ ਇਕੱਠ ਵਿੱਚ ਸਿੱਧੂਪੁਰ ਜਥੇਬੰਦੀ ਵੱਲੋਂ ਸ਼ਾਮਲ ਹੋਣ ਲਈ ਬੱਸਾਂ ਰਾਹੀਂ ਵੱਡੀ ਗਿਣਤੀ ਵਿੱਚ ਕਿਸਾਨਾਂ ਨੂੰ ਹਾਜਰ ਹੋਣ ਲਈ ਲਾਮਬੰਦ ਕੀਤਾ ਗਿਆ।ਮੀਟਿੰਗ ਵਿੱਚ ਨਛੱਤਰ ਸਿੰਘ ਬਹਿਮਣ ਕੌਰ ਸਿੰਘ, ਲਾਭ ਸਿੰਘ ਜੱਜਲ, ਬੂਟਾ ਸਿੰਘ ਮਲਕਾਣਾ, ਤਰਸੇਮ ਸਿੰਘ ਮਲਕਾਣਾ, ਮਨਜੀਤ ਸਿੰਘ ਮਾਨਵਾਲਾ, ਹਰਭਜਨ ਸਿੰਘ ਸ਼ੇਖਪੁਰਾ, ਮਨੀ ਸਿੰਘ ਮਲਕਾਣਾ ਸਮੇਤ ਬਹੁਤ ਸਾਰੇ ਕਿਸਾਨਾਂ ਨੇ ਹਾਜਰੀ ਲੁਆਈ।

## ਗੁਰਦੁਆਰਾ ਨਾਗੀਆਨ ਸਾਹਿਬ ਪਿੰਡ ਉਦੋਕੇ ਵਿਖੇ ਸਲਾਨਾ ਗੁਰਮੱਤ ਸਮਾਗਮ 7 ਅਤੇ 8 ਸਤੰਬਰ ਨੂੰ

ਚੌਕ ਮਹਿਤਾ 5 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ) ਗੁਰਦੁਆਰਾ ਨਾਗੀਆਨ ਸਾਹਿਬ ਪਿੰਡ ਉਦੋਕੇ ਦੇ ਮੁੱਖੀ ਸੰਤ ਬਾਬਾ ਕਵਲਜੀਤ ਸਿੰਘ ਜੀ ਦੀ ਅਗਵਾਈ ਹੇਠ, ਸੰਤ ਬਾਬਾ ਚੁਗੱਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ 51 ਵਾਂ ਅਤੇ ਸੰਤ ਬਾਬਾ ਜੋਗਿੰਦਰ ਸਿੰਘ ਜੀ ਦੀ ਯਾਦ ਨੂੰ ਸਮਰਪਿਤ 10 ਵਾਂ ਗੁਰਮੱਤ ਸਮਾਗਮ ਮਿੱਤੀ 7 ਅਤੇ 8 ਸਤੰਬਰ ਨੂੰ ਦਿਨ ਸ਼ਨੀਵਾਰ ਅਤੇ ਐਤਵਾਰ ਨੂੰ ਦੇਸ ਵਿਦੇਸ਼ ਅਤੇ ਇਲਾਕੇ ਨਿਵਾਸੀ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ, ਸੰਤ ਬਾਬਾ ਕਵਲਜੀਤ ਸਿੰਘ ਜੀ ਸ, ਜਸਵੰਤ ਸਿੰਘ ਵਿੰਡਰ ਅਤੇ ਸੈਕਟਰੀ ਸਰਬਜੀਤ ਸਿੰਘ ਉਦੋਕੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ 5 ਸਤੰਬਰ 2024 ਦਿਨ ਵੀਰਵਾਰ ਨੂੰ ਪਵਿੱਤਰ ਪਾਵਨ ਗੁਰਬਾਣੀ ਦੇ ਸ੍ਰੀ ਆਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ, 7 ਸਤੰਬਰ 2024 ਦਿਨ ਸ਼ਨੀਵਾਰ ਨੂੰ ਪਵਿੱਤਰ ਪਾਵਨ ਗੁਰਬਾਣੀ ਦੇ ਭੋਗ ਪਾਏ ਜਾਣਗੇ, ਉਪਰੰਤ ਦੀਵਾਨ ਵਿੱਚ ਗੁਰਮੱਤ ਸਮਾਗਮ ਹੋਣਗੇ, ਜਿਸ ਵਿੱਚ 7 ਸਤੰਬਰ ਦਿਨ ਸ਼ਨੀਵਾਰ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਸਰੂਪ ਸਿੰਘ ਜੀ, ਰਾਗੀ ਭਾਈ ਦਵਿੰਦਰ ਸਿੰਘ ਨਿਰਮਾਣ, ਰਾਗੀ ਭਾਈ ਭਾਰਤ ਜਵੱਦੀ ਕਲਾ ਲੁਧਿਆਣਾ, ਕਥਾਵਾਚਕ ਭਾਈ ਸਰਬਜੀਤ ਸਿੰਘ ਜੀ ਲੁਧਿਆਣਾ ਵਾਲੇ, ਕਥਾਵਾਚਕ ਭਾਈ ਜਸਵੰਤ ਸਿੰਘ ਪਰਵਾਨਾਂ ਜਲੰਧਰ ਵਾਲੇ, ਰਾਗੀ ਭਾਈ ਪ੍ਰਭਜੀਤ ਸਿੰਘ ਨਾਗੀਆਨ ਸਾਹਿਬ ਵਾਲੇ, ਕਥਾਵਾਚਕ ਭਾਈ ਨਿਸ਼ਾਨ ਸਿੰਘ ਨਾਗੀਆਨ ਸਾਹਿਬ ਵਾਲੇ ਗੁਰਮੱਤ ਵਿਚਾਰਾਂ ਦੀ ਸਾਂਝ ਪਾਉਣ ਗੇ ਅਤੇ 8 ਸਤੰਬਰ ਦਿਨ ਐਤਵਾਰ ਨੂੰ ਢਾਡੀ ਗਿਆਨੀ ਸਤਨਾਮ ਸਿੰਘ ਲਾਲੂ ਘੁੰਮਣ ਵਾਲੇ, ਕਵੀਸ਼ਰ ਭਾਈ ਮਨਜੀਤ ਸਿੰਘ ਸੋਹੀ, ਢਾਡੀ ਗਿਆਨੀ ਲਖਵਿੰਦਰ ਸਿੰਘ ਸੋਹਲ, ਢਾਡੀ ਬੀਬੀ ਜਸਵੀਰ ਕੌਰ ਜੱਸ ਸੁਲਤਾਨ ਪੁਰ ਲੋਧੀ ਵਾਲੇ, ਕਵੀਸ਼ਰ ਭਾਈ ਝੰਡਾ ਸਿੰਘ ਉਦੋਕੇ ਵਾਲੇ ਆਦਿ ਜਥੇ ਹਾਜਰੀ ਭਰਨਗੇ, ਉਪਰੰਤ ਸਾਮ ਨੂੰ ਮਾਝਾ ਕਬੱਡੀ ਅਕੈਡਮੀ ਘੜਿਆਲ ( ਕਲਸੀ) ਅਤੇ ਮਾਤਾ ਸੁਲੱਖਣੀ ਕਬੱਡੀ ਕਲੱਬ ਬਟਾਲਾ ਦੀਆਂ ਟੀਮਾਂ ਵਿੱਚਕਾਰ ਕਬੱਡੀ ਦੇ ਸੋ ਮੈਚ ਕਰਵਾਇ ਜਾਣਗੇ, ਸੰਤ ਮਹਾਪੁਰਖ, ਸਾਧੂ, ਨਿਹੰਗ ਸਿੰਘ ਦਲ ਪੰਥ, ਸਮਾਜ ਸੇਵੀ, ਰਾਜਨੀਤਕ, ਦੇਸਾਂ ਵਿਦੇਸਾਂ ਦੀਆਂ ਸੰਗਤਾਂ ਬਹੁਤ ਗਿਣਤੀ ਵਿੱਚ ਹਾਜਰੀਆ ਭਰਨਗੀਆ, ਗੁਰੂ ਜੀ ਦਾ ਲੰਗਰ ਅਤੇ ਠੰਡੇ ਮਿੱਠੇ ਦੀਆਂ ਛਬੀਲਾ ਲਗੇਗੀ।




## ਯੂਨਾਈਟਿਡ ਨਰਸਿੰਗ ਐਸੋਸੀਏਸ਼ਨ ਵੱਲੋਂ ਸਿਵਲ ਸਰਜਨ ਸਨਮਾਨਿਤ



**ਚੌਕ ਮਹਿਤਾ, 5 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਨਵਨਿਯੁਕਤ ਸਿਵਲ ਸਰਜਨ ਡਾਕਟਰ ਕਿਰਨਦੀਪ ਕੌਰ ਵਲੋਂ ਅੰਮ੍ਰਿਤਸਰ ਵਿਖੇ ਆਪਣਾ ਆਹੁਦਾ ਸੰਭਾਲਣ ਤੇ ਯੂਨਾਈਟਿਡ ਨਰਸਿੰਗ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਮਲਜੀਤ ਕੌਰ ਅਤੇ ਯੂਨਿਸ ਮਸੀਹ ਵੱਲੋਂ ਸਵਾਗਤ ਕੀਤਾ ਗਿਆ ਇਸ ਮੌਕੇ ਐੱਸ ਐੱਮ ਓ ਸਿਵਲ ਹਸਪਤਾਲ ਅੰਮ੍ਰਿਤਸਰ ਡਾਕਟਰ ਸਵਰਨਜੀਤ ਧਵਨ ਮੌਜੂਦ ਰਹੇ ਅਤੇ ਐੱਸ ਐੱਮ ਓ ਸਾਹਿਬ ਵਲੋ ਮੈਟਰਨ ਕਮਲਜੀਤ ਕੌਰ ਦੀ ਵਿਸ਼ੇਸ਼ ਤੌਰ ਸਿਵਲ ਹਸਪਤਾਲ ਵਿੱਚ ਵਧੀਆ ਕੰਮ ਕਰਨ ਤੇ ਪ੍ਰਸ਼ੰਸਾ ਕੀਤੀ ।

ਸ.ਸ.ਸ. ਸਕੂਲ ਕੋਟ ਬਾਬਾ ਦੀਪ ਸਿੰਘ (ਲੜਕੇ) ਵਿਖੇ

# ਮਨਾਇਆ ਰਾਸ਼ਟਰੀ ਅਧਿਆਪਕ ਦਿਵਸ







**ਚੌਕ ਮਹਿਤਾ, 5 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟ ਬਾਬਾ ਦੀਪ ਸਿੰਘ(ਲੜਕੇ) ਵਿਖੇ ਰਾਸ਼ਟਰੀ ਅਧਿਆਪਕ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ ਜਿਸ ਵਿੱਚ ਵਿਦਿਆਰਥੀਆ ਨੇ ਪ੍ਰਿੰਸੀਪਲ ਸ੍ਰੀ ਮਤੀ ਮੋਨਿਕਾ ਅਤੇ ਸਮੂਹ ਅਧਿਆਪਕਾਂ ਨੂੰ ਗੀਤਾਂ,ਕਵਿਤਾਵਾਂ, ਭਾਸ਼ਣਾ ਰਾਹੀਂ ਆਪਣੀਆਂ ਸ਼ੁਭ ਕਾਮਨਾਵਾਂ ਦਿੱਤੀਆਂ ਵਿਦਿਆਰਥੀਆ ਨੇ ਇਸ ਮੌਕੇ ਅਧਿਆਪਕਾ ਨੂੰ ਆਪਣੇ ਹੱਥ ਨਾਲ ਬਣਾਏ ਖੂਬਸੂਰਤ ਕਾਰਡ ਅਤੇ ਗੁਲਦਸਤੇ ਤੋਹਫ਼ੇ ਵਜੋਂ ਦਿੱਤੇ ਉਹਨਾਂ ਵਲੋ ਕੀਤੀ ਅਣਥਕ ਮਿਹਨਤ ਅਤੇ ਲਗਨ ਦਾ ਸ਼ੁਕਰਾਨਾ ਕੀਤਾ ਵਿਦਿਆਰਥੀਆਂ ਨੇ ਇਸ ਮੌਕੇ ਆਪਣੀਆਂ ਜਮਾਤਾਂ ਨੂੰ ਆਪਣੇ ਅਧਿਆਪਕਾ ਲਈ ਖਾਸ ਤੌਰ ਤੇ ਸਜਾਇਆ ਗਿਆ ਅਤੇ ਫੁੱਲਾਂ ਦੀ ਵਰਖਾ ਕਰਕੇ ਆਪਣੇ ਅਧਿਆਪਕਾ ਦਾ ਸਵਾਗਤ ਕੀਤਾ ਪ੍ਰਿੰਸੀਪਲ ਮੋਨਿਕਾ ਜੀ ਨੇ ਵਿਦਿਆਰਥੀਆ ਵਲੋ ਕੀਤੇ ਇਹਨਾ ਖ਼ਾਸ ਯਤਨਾਂ ਦਾ ਧੰਨਵਾਦ ਕੀਤਾ ਅਤੇ ਸਕੂਲ ਦੇ ਸਾਰੇ ਅਧਿਆਪਕਾ ਨੂੰ ਰਾਸ਼ਟਰੀ ਅਧਿਆਪਕ ਦਿਵਸ ਦੀ ਵਧਾਈ ਦਿੱਤੀ ਅਤੇ ਇਸ ਪਵਿੱਤਰ ਪੇਸ਼ੇ ਨੂੰ ਪੂਰੀ ਮਿਹਨਤ ਅਤੇ ਲਗਨ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀਆ ਸਮੇਤ ਸ੍ਰੀ ਮਤੀ ਨਿਮਰਤਾਪਾਲ ਕੌਰ,ਸ੍ਰੀ ਮਤੀ ਮਨਜੀਤ ਕੌਰ,ਸ੍ਰੀ ਮਤੀ ਹਰਜੀਤ ਕੌਰ,ਸ੍ਰੀ ਪ੍ਰਦੀਪ ਕੁਮਾਰ,ਸ੍ਰੀ ਕਮਲ ਕੁਮਾਰ, ਸ੍ਰ ਸੁਖਦੇਵ ਸਿੰਘ,ਸ੍ਰੀ ਮਤੀ ਮਨਦੀਪ ਕੌਰ,ਸ੍ਰੀ ਮਤੀ ਬਬੀਤਾ ਧਵਨ ਹਾਜ਼ਰ ਸੀ।

ਬਰਸੀ ਸਮਾਗਮ ਵਿੱਚ ਪੰਜਾਬ ਭਰ ਤੋਂ ਕਵੀਸ਼ਰ ਅਤੇ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਭਰਨਗੀਆਂ ਹਾਜ਼ਰੀ

# ਸਟੇਜਾਂ ਦੇ ਜਾਦੂਗਰ ਗਿਆਨੀ ਗੁਰਨਾਮ ਸਿੰਘ ਬਰਾੜ ਦੀ ਸਲਾਨਾ ਬਰਸੀ 19 ਸਤੰਬਰ ਨੂੰ



ਲੋਪੋ/ਮੋਗਾ - (ਵਰਿਆਮ ਹਠੂਰ) ਗਿਆਨੀ ਗੁਰਨਾਮ ਸਿੰਘ ਬਰਾੜ ਕਵੀਸ਼ਰ ਸਭਾ (ਪੰਜਾਬ) ਦੀ ਇੱਕ ਵਿਸ਼ੇਸ਼ ਮੀਟਿੰਗ ਸਭਾ ਦੇ ਪ੍ਰਧਾਨ ਕਵੀਸ਼ਰ ਮਨਪ੍ਰੀਤ ਸਿੰਘ ਮਾਨ ਦੌਧਰ ਦੀ ਪ੍ਰਧਾਨਗੀ ਹੇਠ ਦਰਬਾਰ ਸੰਪ੍ਰਦਾਇ ਲੋਪੋ ਵਿਖੇ ਹੋਈ, ਮੀਟਿੰਗ ਵਿੱਚ ਵੱਖ-ਵੱਖ ਕਵੀਸ਼ਰ ਸਾਹਿਬਾਨਾਂ ਨੇ ਆਪਣੀ ਹਾਜ਼ਰੀ ਭਰੀ, ਤੇ ਪ੍ਰਧਾਨ ਮਨਪ੍ਰੀਤ ਸਿੰਘ ਮਾਨ ਦੌਧਰ ਨੇ ਸਮੂਹ ਕਵੀਸਰਾਂ ਨੂੰ ਜੀ ਆਇਆਂ ਆਖਿਆ,ਮੀਟਿੰਗ ਵਿੱਚ ਜਿੱਥੇ ਕਵੀਸ਼ਰਾਂ ਨੂੰ ਆ ਰਹੀਆਂ ਮੁਸ਼ਿਕਲਾਂ ਅਤੇ ਕਵੀਸ਼ਰਾਂ ਦੀਆਂ ਮੰਗਾਂ ਸਬੰਧੀ ਵਿਚਾਰ ਚਰਚਾ ਕੀਤੀ ਗਈ ਉੱਥੇ ਖਾਸ ਤੌਰ ਤੇ ਸਟੇਜਾਂ ਦੇ ਜਾਦੂਗਰ ਰਹੇ ਮਰਹੂਮ ਕਵੀਸ਼ਰ ਗਿਆਨੀ ਗੁਰਨਾਮ ਸਿੰਘ ਜੀ ਬਰਾੜ ਦੀ ਸਲਾਨਾ ਬਰਸੀ ਸਬੰਧੀ ਵਿਚਾਰ ਵਟਾਂਦਰਾ ਵੀ ਕੀਤਾ ਗਿਆ ਅਤੇ ਹੋਣ ਵਾਲੇ ਬਰਸੀ ਸਮਾਗਮ ਦੀ ਰੂਪ ਰੇਖਾ ਤਿਆਰ ਕੀਤੀ ਗਈ, ਪ੍ਰੈੱਸ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮਨਪ੍ਰੀਤ ਸਿੰਘ ਮਾਨ ਦੌਧਰ, ਕਵੀਸ਼ਰ ਪ੍ਰੀਤ ਸਿੰਘ ਸੰਦਲ ਮਕਸੂਦੜਾ, ਕਵੀਸ਼ਰ ਵਾਹਿਗੁਰੂ ਪਾਲ ਸਿੰਘ ਬੁਰਜ ਕੁਲਾਰਾ, ਕਵੀਸ਼ਰ ਕਲਵੰਤ ਸਿੰਘ ਮਾਣੂੰਕੇ, ਕਵੀਸ਼ਰ ਸ਼ਾਮ ਦਾਸ ਭੱਟੀਵਾਲ, ਕਵੀਸ਼ਰ ਤਰਸੇਮ ਸਿੰਘ ਦੌਧਰ ਨੇ ਕਿਹਾ ਕਿ ਸੰਤ ਆਸ਼ਰਮ ਦਰਬਾਰ ਸੰਪ੍ਰਦਾਇ ਲੋਪੋ ਦੇ ਮੌਜੂਦਾ ਮੁਖੀ ਸੁਆਮੀ ਸੰਤ ਜਗਜੀਤ ਸਿੰਘ ਜੀ ਲੋਪੋਂ ਵਾਲਿਆਂ ਤੋ ਅਸ਼ੀਰਵਾਦ ਲੈ ਕੇ ਮਿਤੀ 19-9-2024 ਦਿਨ ਵੀਰਵਾਰ ਨੂੰ ਤਿੰਨ ਪਾਤਸ਼ਾਹੀਆਂ ਦੀ ਚਰਨ ਛੋਹ ਪ੍ਰਾਪਤ ਪਿੰਡ ਤਖਤੂਪੁਰਾ ਸਾਹਿਬ ਦੀ ਪਾਵਨ ਪਵਿੱਤਰ ਧਰਤੀ ਤੇ ਬਣੇ ਧਾਰਮਿਕ ਅਸਥਾਨ ਸੰਤ ਆਸ਼ਰਮ ਨਾਨਕਸਰ ਤਖਤੂਪੁਰਾ ਸਾਹਿਬ (ਮੋਗਾ) ਵਿਖੇ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ।19 ਸਤੰਬਰ ਨੂੰ ਬਰਸੀ ਸਮਾਗਮ ਵਾਲੇ ਦਿਨ ਸਵੇਰੇ ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਹੋਣਗੇ ਤੇ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਕਵੀਸ਼ਰੀ ਦਰਬਾਰ ਦੀ ਸ਼ੁਰੂਆਤ ਹੋਵੇਗੀ, ਜਿਸ ਵਿੱਚ ਪੰਜਾਬ ਭਰ ਤੋਂ ਕਵੀਸ਼ਰੀ ਜੱਥੇ ਗਿਆਨੀ ਜੀ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਕੀਤੀਆਂ ਗਈ ਸੇਵਾਵਾਂ ਸਬੰਧੀ ਵਿਚਾਰ ਚਰਚਾ ਅਤੇ ਕਵੀਸ਼ਰੀਆਂ ਦੀ ਪੇਸ਼ਕਾਰੀ ਕਰਨਗੇ ਤੇ ਉਮੀਦ ਹੈ ਕਿ ਕਵੀਸ਼ਰ ਕਲਾ ਨਾਲ ਜੁੜੀਆਂ ਸ਼ਖ਼ਸੀਅਤਾਂ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣਗੀਆਂ, ਸਮਾਗਮ ਵਿੱਚ ਕਵੀਸ਼ਰ ਮਹਿੰਦਰ ਸਿੰਘ ਗੁਰਮਾ ਅਤੇ ਕਵੀਸ਼ਰ ਕਰਨੈਲ ਸਿੰਘ ਬੱਛੋਆਣਾ ਨੂੰ ਗਿਆਨੀ ਗੁਰਨਾਮ ਸਿੰਘ ਬਰਾੜ ਅਵਾਰਡ ਦਿੱਤਾ ਜਾਵੇਗਾ ਅਤੇ ਨਾਲ ਜੋ ਵਿਸ਼ੇਸ਼ ਸਨਮਾਨ ਹੈ ਉਹ ਕਵੀਸ਼ਰ ਗੁਰਚਰਨ ਸਿੰਘ ਛਾਜਲੀ ਅਤੇ ਕਵੀਸ਼ਰ ਅਮਰੀਕ ਸਿੰਘ ਛਾਜਲੀ ਨੂੰ ਦਿੱਤਾ ਜਾਵੇਗਾ ਸਮਾਗਮ ਵਿੱਚ ਦਰਬਾਰ ਸੰਪ੍ਰਦਾਇ ਲੋਪੋ ਦੇ ਮੌਜੂਦਾ ਮੁਖੀ ਸੁਆਮੀ ਸੰਤ ਜਗਜੀਤ ਸਿੰਘ ਜੀ ਲੋਪੋ ਵਾਲੇ ਕਵੀਸ਼ਰੀ ਜੱਥਿਆਂ ਨੂੰ ਸਨਮਾਨ ਅਤੇ ਅਸ਼ੀਰਵਾਦ ਦੇਣਗੇ ਤੇ ਇਕੱਤਰ ਗੁਰਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ, ਇਸ ਸਮਾਗਮ ਵਿਚ ਵੱਧ ਤੋਂ ਵੱਧ ਸੰਗਤਾਂ 19 ਸਤੰਬਰ ਦਿਨ ਵੀਰਵਾਰ ਨੂੰ ਪਿੰਡ ਤਖਤੂਪੁਰਾ ਸਾਹਿਬ ਵਿਖੇ ਪਹੁੰਚ ਕੇ ਲਾਹਾ ਪ੍ਰਾਪਤ ਕਰਨ, ਜ਼ਿਕਰਯੋਗ ਹੈ ਕਿ ਇਹ ਬਰਸੀ ਸਮਾਗਮ ਮਰਹੂਮ ਕਵੀਸ਼ਰ ਜਗਤਾਰ ਸਿੰਘ ਰਾਮਾ ਨੂੰ ਸਮਰਪਿਤ ਹੋਵੇਗਾ। ਇਸ ਮੌਕੇ ਪ੍ਰਧਾਨ ਕਵੀਸ਼ਰ ਮਨਪ੍ਰੀਤ ਸਿੰਘ ਮਾਨ ਦੌਧਰ ਵਾਲੇ, ਪੰਡਿਤ ਸੋਮਨਾਥ ਜੀ ਰੋਡਿਆਂ ਵਾਲੇ, ਕਵੀਸ਼ਰ ਪ੍ਰੀਤ ਸਿੰਘ ਸੰਦਲ ਮਕਸੂਦੜਾ, ਕਵੀਸਰ ਇਕਬਾਲ ਸਿੰਘ ਫੇਰੋਕੇ, ਕਵੀਸ਼ਰ ਵਾਹਿਗੁਰੂਪਾਲ ਸਿੰਘ ਬੁਰਜ ਕਲਾਰਾ, ਕਵੀਸ਼ਰ ਤਰਸੇਮ ਸਿੰਘ ਦੌਧਰ, ਕਵੀਸ਼ਰ ਸਿਆਮ ਦਾਸ ਭੱਟੀਵਾਲ, ਕਵੀਸ਼ਰ ਜੋਗਿੰਦਰ ਸਿੰਘ ਸਿੱਧੂ ਦੌਧਰ, ਕਵੀਸ਼ਰ ਕਲਵੰਤ ਸਿੰਘ ਮਾਣੂੰਕੇ, ਕਵੀਸ਼ਰ ਮਨਦੀਪ ਸਿੰਘ ਮਾਣੂੰਕੇ, ਕਵੀਸ਼ਰ ਚਰਨਜੀਤ ਸਿੰਘ ਕਲਾਲਾ, ਅਤੇ ਵੈਦ ਵਰਿੰਦਰ ਸਿੰਘ ਰਾਮਾ ਆਦਿ ਹਾਜ਼ਰ ਸਨ।

# ਬੀਜੇਪੀ ਵੱਲੋਂ ਇਕ ਬੂਥ ਤੇ 200 ਅਤੇ ਪੰਜਾਬ ਚ 50 ਲੱਖ ਮੈਂਬਰਸ਼ਿਪ ਬਣਾਉਣ ਦਾ ਟੀਚਾ: ਜਿੰਦਲ, ਨੀਲੂ ਮਿੱਤਲ, ਕਾਂਝਲਾ



ਧੂਰੀ ( ਰਣਜੀਤ ਸਿੰਘ ਪੇਧਨੀ ) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪਹਿਲੀ ਮੁੱਢਲੀ ਮੈਂਬਰ ਸਿੱਪ ਲੈਣ ਤੋਂ ਬਾਅਦ ਸਟੇਟ ਪੱਧਰ ਦੇ ਪ੍ਰਧਾਨ ਤੇ ਸੀਨੀਅਰ ਆਗੂਆਂ ਵੱਲੋਂ ਮੈਂਬਰਸ਼ਿੱਪ ਲੈਣ ਤੋਂ ਬਾਅਦ ਹੁਣ ਜਿਲ੍ਹਾ ਤੇ ਹਲਕਾ ਪੱਧਰ ਤੇ ਭਰਤੀ ਮੁਹਿੰਮ ਨੂੰ ਅੱਗੇ ਆਰੰਭ ਕੀਤਾ ਗਿਆ ਹੈ।ਭਾਜਪਾ ਦੀ ਸਥਾਪਨਾ ਹੀ ਦੇਸ਼ ਦੀ ਅਖੰਡਤਾ ਸੰਘੀ ਢਾਂਚੇ ਦੀ ਮਜਬੂਤੀ ਤੇ ਵਿਕਾਸ ਲਈ ਹੋਈ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਸਟੇਟ ਕਮੇਟੀ ਮੈਂਬਰ ਜਗਦੇਵ ਜਿੰਦਲ ਜੱਗਾ, ਜਿਲ੍ਹਾ ਮੀਤ ਪ੍ਰਧਾਨ ਕ੍ਰਿਸਨ ਗੋਪਾਲ ਨੀਲੂ ਮਿੱਤਲ ਅਤੇ ਬਲਾਕ ਪ੍ਰਧਾਨ ਬਸੰਤ ਕੁਮਾਰ ਕਾਂਝਲਾ ਨੇ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ’ਚ ਲੋਕ ਪੱਖੀ ਨੀਤੀਆਂ ਨੂੰ ਵਿਕਲਪ ਦੇਣ ਲਈ ਰਾਜਨੀਤਕ ਪਾਰਟੀ ਕਿਸੇ ਸਮੇਂ ਦੇ ਪਾਰਲੀਮੈਂਟ ਮੈਂਬਰ ਵਾਲੀ ਭਾਜਪਾ ਨੇ ਅਪਣੀ ਵਿਚਾਰਧਾਰਾ ਅਤੇ ਇਮਾਨਦਾਰ ਛਵੀਂ ਨਾਲ ਲਗਾਤਾਰ ਤੀਜੀ ਸਰਕਾਰ ਬਣਾਈ ਅਤੇ ਹੁਣ 18 ਸੂਬਿਆਂ ’ਚ ਭਾਜਪਾ ਦੀ ਸਰਕਾਰ ਹੈ। ਉਨ੍ਹਾਂ ਕਿਹਾ ਕੇ ਪਾਰਟੀ ਨੇ ਹਰ ਬੂਥ ਤੇ ਘੱਟੋਂ ਘੱਟ 200 ਮੈਂਬਰ ਅਤੇ ਪੰਜਾਬ ਦੇ 50 ਲੱਖ ਮੈਂਬਰ ਬਣਾਉਣ ਦਾ ਟੀਚਾ ਮਿਥਿਆ ਹੈ 200 ਮੈਂਬਰ ਭਰਤੀ ਕਰਨ ਵਾਲਾ ਮੈਂਬਰ ਐਕਟਿਵ ਮੈਂਬਰ ਹੋਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਲਈ ਮਿਹਨਤ ਕਰਨ ਵਾਲੇ ਆਗੂ ਹੀ ਅੱਗੇ ਵੱਡੇ ਅਹੁੱਦੇ ਹਾਸਿਲ ਕਰਨਗੇ। ਓਹਨਾ ਵਰਕਰਾਂ ਨੂੰ ਪਾਰਟੀ ਦੀਆਂ ਨੀਤੀਆਂ ਅਤੇ ਕੇਂਦਰ ਸਰਕਾਰ ਦੀਆਂ ਸਕੀਮਾਂ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਕਿਹਾ ਕੇਂਦਰ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਤੋਂ ਸੂਬੇ ਦੇ ਲੋਕ ਪ੍ਰਭਾਵਿਤ ਨੇ ਅਤੇ ਉਹ ਭਾਜਪਾ ਦੇ ਮੈਂਬਰ ਜਰੂਰ ਬਣਨਗੇ।

# ਆਪ’ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਵਿਚ ਅਮਨ ਕਾਨੂੰਨ ਪੂਰੀ ਤਰ੍ਹਾਂ ਹੋਇਆ ਭੰਗ : ਢਿੱਲੋਂ



ਬਰਨਾਲਾ ( ਰਣਜੀਤ ਸਿੰਘ ਪੇਧਨੀ ) ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਉੱਘੇ ਸਮਾਜ ਸੇਵੀ, ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਕਿਹਾ ਕਿ ਸੂਬੇ ਵਿੱਚ ਅਮਨ ਕਾਨੂੰਨ ਪੂਰੀ ਤਰ੍ਹਾਂ ਭੰਗ ਹੋ ਚੁਕਿਆ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਹਰ ਕੋਈ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਈ ਹੈ ਉਦੋਂ ਤੋਂ ਹੀ ਪੰਜਾਬ ਦੇ ਹਾਲਾਤ ਬਹੁਤ ਮਾੜੇ ਹੋ ਗਏ ਹਨ, ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਇਸ ਸਮੇਂ ਬਹੁਤ ਹੀ ਨਾਜ਼ੁਕ ਦੌਰ ਵਿਚੋਂ ਗੁਜ਼ਰ ਰਿਹਾ ਹੈ ਅਤੇ ਹਰ ਰੋਜ਼ ਕਤਲੇਆਮ, ਗੁੰਡਾਗਰਦੀ, ਫਿਰੌਤੀਆਂ, ਗੈਂਗਸਟਰਵਾਦ ਦੀਆਂ ਘਟਨਾਵਾਂ ਆਮ ਵੇਖਣ ਨੂੰ ਮਿਲ ਰਹੀਆਂ ਹਨ ਤੇ ਸਰਕਾਰ ਘੂਕ ਸੁੱਤੀ ਪਈ ਹੈਂ। ਉਨ੍ਹਾਂ ਕਿਹਾ ਕਿ ਸੂਬੇ ਦਾ ਮੁੱਖ ਮੰਤਰੀ ਬੁਲੇਟ ਪਰੂਫ ਗੱਡੀਆਂ ਅਤੇ ਬੁਲੇਟ ਪਰੂਫ ਕੈਬਿਨਾ ਵਿੱਚ ਆਪ ਤਾਂ ਸੁਰੱਖਿਆ ਹਨ ਅਤੇ ਆਮ ਲੋਕਾਂ ਨੂੰ ਰੱਬ ’ ਦੇ ਆਸਰੇ ਛੱਡਿਆ ਹੋਇਆ ਹੈ।

# ਡੈਂਗੂ ਦੇ ਖ਼ਾਤਮੇ ਲਈ ਲੋਕਾਂ ਦੇ ਸਹਿਯੋਗ ਦੀ ਲੋੜ - ਐਸ ਆਈ ਅਸ਼ੋਕ ਕੁਮਾਰ



**ਧੂਰੀ ( ਰਣਜੀਤ ਸਿੰਘ ਪੇਧਨੀ )** -ਸਿਵਲ ਸਰਜਨ ਡਾਕਟਰ ਕਿਰਪਾਲ ਸਿੰਘ ਜੀ ਅਤੇ ਜਿਲਾਂ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾਂ ਜੀ ਅਤੇ ਐਸ ਐਮ ਓ ਡਾਕਟਰ ਰਾਜੇਸ਼ ਗਰਗ ਜੀ ਦੀ ਯੋਗ ਅਗਵਾਈ ਅਤੇ ਅਸ਼ੋਕ ਕੁਮਾਰ ਐਸ ਆਈ ਦੀ ਸੁਪਰਵੀਜਨ ਵਿੱਚ ਸੈਕਟਰ ਕਾਂਝਲਾ ਅਧੀਨ ਆਉਂਦੇ ਪਿੰਡਾਂ ਬਾਲੀਆਂ,ਕੁੰਭੜਵਾਲ,ਕਾਂਝਲਾ,ਪੁੰਨਾਵਾਲ,ਬੇਨੜਾ ਵੈਕਟਰ ਬੌਰਨ ਡਜ਼ੀਜ ਐਕਟੀਵਿਟੀ ਕੀਤੀ ਗਈ ਘਰ ਘਰ ਜਾ ਕੇ ਲੋਕਾਂ ਨੂੰ ਡੈਂਗੂ,ਮਲੇਰੀਆ,ਚਿਕਨਗੁਨੀਆ ਅਤੇ ਮੋਸਮੀ ਬਿਮਾਰੀਆਂ ਦੇ ਚਿੰਨ੍ਹ ਅਤੇ ਲੱਛਣਾਂ ਬਾਰੇ ਜਾਣਕਾਰੀ ਦਿੱਤੀ ਗਈ ।ਇਸ ਮੌਕੇ ਬੁਖਾਰ ਵਾਲੇ ਕੇਸਾ ਦੇ ਖ਼ੂਨ ਦੇ ਸੈਪਲ ਇਕੱਤਰ ਕਰਕੇ ਸੀ ਐਚ ਸੀ ਪੱਧਰ ਤੇ ਲੈਬਾਟਰੀ ਵਿੱਚ ਭੇਜੇ ਗਏ ਅਤੇ ਲੋਕਾਂ ਬਿਮਾਰੀਆਂ ਨਾਲ ਸਬੰਧਿਤ ਇਸਤਿਹਾਰ ਵੰਡੇ ਗਏ ਤੇ ਡੈਂਗੂ ਐਪ ਡਾਊਨਲੋਡ ਕਰਨ ਲਈ ਪ੍ਰੇਰਤ ਕੀਤਾ ਗਿਆ ਤੇ ਦੱਸਿਆ ਗਿਆ ਕੇ ਡੈਂਗੂ ਇੱਕ ਵਾਇਰਲ ਬੁਖਾਰ ਹੈ ਜੋ ਏਡੀਜ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਜੋ ਹਮੇਸ਼ਾ ਸਾਫ਼ ਅਤੇ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ।ਇਹ ਮੱਛਰ ਕੂਲਰ ਦੇ ਪਾਣੀ ਫਰਿੱਜਾਂ ਪਿੱਛੇ ਲੱਗੀ ਟਰੇਆਂ,ਗਮਲਿਆਂ,ਕੰਨਟੇਨਰਾ,ਖੈਲਾ ਛੱਤ ਤੇ ਪਏ ਕਬਾੜ ਟਾਇਰਾਂ ਆਦਿ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਤਾਂ ਜੋ ਸਾਨੂੰ ਇੱਕ ਹਫਤੇ ਤੋਂ ਪਹਿਲਾਂ ਪਹਿਲਾਂ ਇਹ ਬਰਤਨਾਂ ਵਿਚਲਾ ਪਾਣੀ ਬਦਲ ਦੇਣਾ ਚਾਹੀਦਾ ਹੈ ।ਬਰਤਨਾ ਨੂੰ ਪੂਰੀ ਤਰ੍ਹਾਂ ਸੁੱਕਾ ਕੇ ਫਿਰ ਪਾਣੀ ਪਾਇਆ ਜਾਵੇ ਇਹ ਮੱਛਰ ਸਵੇਰੇ ਸ਼ਾਮ ਕੱਟਦਾ ਹੈ ਇਸ ਲਈ ਸਵੇਰੇ ਸ਼ਾਮ ਪੂਰੇ ਕੱਪੜੇ ਪਹਿਨਣੇ ਚਾਹੀਦੇ ਹਨ ਜੇ ਕਰ ਕਿਸੇ ਨੂੰ ਤੇਜ਼ ਸਿਰ ਦਰਦ ਅਤੇ ਤੇਜ਼ ਬੁਖਾਰ,ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ,ਮਾਸ ਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ,ਜੀ ਕੱਚਾ ਹੋਣਾ ਅਤੇ ਉਲਟੀਆਂ,ਹਾਲਤ ਖ਼ਰਾਬ ਹੋਣ ਤੇ ਨੱਕ,ਮੂੰਹ ਅਤੇ ਮਸੂੜਿਆਂ ਵਿੱਚੋਂ ਖ਼ੂਨ ਵੱਗਣਾ ਆਦਿ ਤਾਂ ਸਾਨੂੰ ਡੈਂਗੂ ਹੋਣ ਦੀਆਂ ਸੰਭਾਨਾਵਾਂ ਹੋ ਸਕਦੀਆਂ ਹਨ ।ਇਸ ਮੌਕੇ ਸਾਨੂੰ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੁੰਦਾ ਹੈ ।ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੈਂਗੂ ਦ ਟੇਸਟ ਅਤੇ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ਟੀਮ ਮੈਂਬਰ ਅਮਰੀਕ ਸਿੰਘ,ਹਰਜੀਤ ਸਿੰਘ, ਗੁਰਵਿੰਦਰ ਸਿੰਘ,ਜਸਵਿੰਦਰ ਸਿੰਘ,ਗੁਰਪ੍ਰੀਤ ਸਿੰਘ ਮ,ਪ,ਹ,ਵ (ਮ) ਹਾਜ਼ਰ ਸਨ।

### ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਵਲੋਂ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ

# 100 ਸਾਲਾ ਜਨਮ ਸ਼ਤਾਬਦੀ ਦੇ ਸਬੰਧ ਵਿੱਚ ਤਾਲਮੇਲ ਕਮੇਟੀ ਦਾ ਗਠਨ

**ਚੰਡੀਗੜ੍ਹ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਕਨਵੀਨਰ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਵਲੋ ਜਾਰੀ ਪ੍ਰੈਸ ਨੋਟ ਵਿੱਚ ਦੱਸਿਆ ਕਿ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ 100 ਸਾਲਾ ਜਨਮ ਸ਼ਤਾਬਦੀ ਦੇ ਸਬੰਧ ਵਿੱਚ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਵੱਲੋਂ ਸੁਚਾਰੂ ਪ੍ਰਬੰਧ ਕਰਨ ਲਈ ਤਾਲਮੇਲ ਕਮੇਟੀ ਬਣਾਈ ਗਈ ਹੈ। ਜਿਸ ਵਿੱਚ





ਸ ਹਰਮੇਲ ਸਿੰਘ ਟੌਹੜਾ,ਸ ਸੁਰਜੀਤ ਸਿੰਘ ਰੱਖੜਾ,ਬੀਬੀ ਕੁਲਦੀਪ ਕੌਰ ਟੌਹੜਾ, ਸ ਹਰਿੰਦਰਪਾਲ ਸਿੰਘ ਚੰਦੂਮਾਜਰਾ, ਰਿਟਾਇਰ ਜਸਟਿਸ ਨਿਰਮਲ ਸਿੰਘ, ਬੀਬੀ ਪਰਮਜੀਤ ਕੌਰ ਲਾਂਡਰਾ, ਸ ਹਰਿੰਦਰਪਾਲ ਸਿੰਘ ਟੌਹੜਾ, ਸ ਹਰੀ ਸਿੰਘ ਪ੍ਰੀਤ ਕੰਬਾਈਨ, , ਸ ਸਤਵਿੰਦਰ ਸਿੰਘ ਟੌਹੜਾ,ਸ ਰਣਧੀਰ ਸਿੰਘ ਰੱਖੜਾ, ਸ ਤਜਿੰਦਰਪਾਲ ਸਿੰਘ ਸੰਧੂ, ਸ ਜਸਪਾਲ ਸਿੰਘ ਬਿੱਟੂ ਚੱਠਾ, ਸ ਜਰਨੈਲ ਸਿੰਘ ਕਰਤਾਰਪੁਰ, ਸ ਅਮਰਿੰਦਰ ਸਿੰਘ ਲਿਬੜਾ, ਸ ਸੁਖਵਿੰਦਰ ਸਿੰਘ ਰਾਜਲਾ, ਸ ਕੁਲਦੀਪ ਸਿੰਘ ਨੱਸੂਪੁਰ, ਸ ਸੁਰਜੀਤ ਸਿੰਘ ਚੀਮਾ, ਸ ਸਰੂਪ ਸਿੰਘ ਢੇਸੀ, ਸ ਭਜਨ ਸਿੰਘ ਟੌਹੜਾ, ਸ ਬਘੇਲ ਸਿੰਘ ਜਾਤੀਵਾਲ, ਸ ਹਰਬੰਸ ਸਿੰਘ ਮੰਝਪੁਰ, ਸ ਤੇਜਾ ਸਿੰਘ ਕਮਾਲਪੁਰ, ਸ ਇੰਦਰ ਮੋਹਨ ਸਿੰਘ ਲਖਮੀਰਵਾਲਾ, ਸ ਰਾਮਪਾਲ ਸਿੰਘ ਬੈਨੀਵਾਲ, ਸ ਮਲਕੀਤ ਸਿੰਘ ਚੰਗਾਲ, ਸ ਹਰਦੇਵ ਸਿੰਘ ਰੋਗਲਾ, ਸ ਮਹਿੰਦਰ ਸਿੰਘ ਦੁੱਲਟ, ਸ ਭੁਪਿੰਦਰ ਸਿੰਘ ਸੇਖੂਪੁਰ, ਸ ਲਾਲ ਸਿੰਘ ਮਰਦਾਂਪੁਰ, ਸ ਬਹਾਦਰ ਸਿੰਘ ਟੋਹੜਾ, ਸ ਹਰਵਿੰਦਰ ਸਿੰਘ ਭੋਲਾ ਟੋਹੜਾ ਸਰਕਲ ਪ੍ਰਧਾਨ, ਸ ਨਰਿੰਦਰਜੀਤ ਸਿੰਘ ਨੀਟਾ, ਸ ਜਸਬੀਰ ਸਿੰਘ ਪੰਚ ਟੋਹੜਾ, ਸ ਮਨਜੀਤ ਸਿੰਘ ਮੱਲੇਵਾਲ, ਸ ਰੁਪਿੰਦਰ ਸਿੰਘ ਸੈਂਡੀ ਕਲੱਬ ਪ੍ਰਧਾਨ, ਸ ਬਲਜਿੰਦਰ ਸਿੰਘ ਬੱਬੂ ਭਾਦਸੋ, ਸੰਤ ਸਿੰਘ, ਸ ਧਰਮਿੰਦਰ ਸਿੰਘ ਭੋਜੋ ਮਾਜਰੀ, ਸ ਸਤਨਾਮ ਸਿੰਘ ਸੱਤਾ, ਸ ਜਤਿੰਦਰ ਸਿੰਘ ਪਹਾੜੀਪੁਰ, ਸ਼੍ਰੀ ਕਪੂਰ ਚੰਦ ਬਾਂਸਲ, ਸ ਮਨਜੀਤ ਸਿੰਘ ਮੱਲੇਵਾਲ, ਸ ਗੁਰਮੀਤ ਸਿੰਘ ਕੋਟ, ਸ ਰਵਿੰਦਰ ਸਿੰਘ ਸ਼ਾਹਪੁਰ, ਗੁਰਵਿੰਦਰ ਸਿੰਘ ਰਾਮਪੁਰ, ਸੁੱਚਾ ਸਿੰਘ ਅਲੀ ਮਾਜਰਾ,ਸ ਸੁਖਵਿੰਦਰ ਸਿੰਘ ਗੋਦਾਈਆ, ਨਿਰਮਲ ਸਿੰਘ ਡਇਰੈਕਟਰ, ਸ ਰਣਜੀਤ ਸਿੰਘ ਰਾਣਾ ਸੇਖੋ, ਸ ਇੰਦਰਜੀਤ ਸਿੰਘ ਰੱਖੜਾ, ਸ ਗੁਰਦੀਪ ਸਿੰਘ ਰਾਜੇਵਾਲ, ਸ ਲਾਲ ਸਿੰਘ ਟਿਵਾਣਾ, ਸ ਰਣਜੀਤ ਸਿੰਘ ਟਿਵਾਣਾ, ਐਡਵੋਕੇਟ ਸ਼ੇਰ ਸਿੰਘ ਪ੍ਰਧਾਨ ਫਤਿਹਗੜ੍ਹ ਸਾਹਿਬ ਜੱਸਾ ਸਿੰਘ ਆਹਲੂਵਾਲੀਆ, ਸ ਦਿਲਬਾਗ ਸਿੰਘ ਬਾਘਾ, ਸ ਬਲਤੇਜ ਸਿੰਘ ਚੇਅਰਮੈਨ, ਸ ਲਖਬੀਰ ਸਿੰਘ ਬਬਲਾ, ਸ ਹਰਵੇਲ ਸਿੰਘ ਮਾਧੋਪੁਰ, ਸ ਅਬਰਿੰਦਰ ਸਿੰਘ ਕੰਗ, ਸ ਅਮਰਿੰਦਰ ਸਿੰਘ ਰੋਮੀ ਅਬਰਾਵਾਂ, ਸ ਅੰਮ੍ਰਿਤਪਾਲ ਸਿੰਘ ਖੱਟੜਾ, ਸ ਅਮਰੀਕ ਸਿੰਘ ਖਾਬੜਾ, ਸ ਦਵਿੰਦਰ ਸਿੰਘ ਟਹਿਲਪੁਰਾ, ਸ ਨਿਰੰਜਨ ਸਿੰਘ ਫੌਜੀ, ਸ ਤਰਸੇਮ ਸਿੰਘ ਕੋਟਲਾ, ਸ ਗੁਰਜੀਤ ਸਿੰਘ ਉੱਪਲੀ, ਸ ਕੁਲਦੀਪ ਸਿੰਘ ਹਰਪਾਲਪੁਰ, ਸ ਹਰਫੂਲ ਸਿੰਘ ਬੋਸਰ, ਸ ਬਿਕਰਮ ਸਿੰਘ ਫਰੀਦਪੁਰ, ਸ ਗੁਰਵਿੰਦਰ ਸਿੰਘ ਸ਼ਾਮਪੁਰ, ਡਿੰਪੀ ਡੂਮਛੇੜੀ, ਸ ਦਿਲਮੇਗ ਸਿੰਘ ਖਟੜਾ, ਸ ਰਣਬੀਰ ਸਿੰਘ ਪੀਏ, ਸ ਗੋਬਿੰਦ ਸਿੰਘ ਵਿਰਦੀ, ਸ ਕਰਨਵੀਰ ਸਿੰਘ, ਸ ਹਰਦੀਪ ਸਿੰਘ ਸਾਗਰਾ, ਸ ਰਣਧੀਰ ਸਿੰਘ ਮਵੀ, ਸ ਬਲਿਹਾਰ ਸਿੰਘ ਹਰਿਆਓ, ਜਗੀਰ ਸਿੰਘ ਖਾਂਗ, ਲਾਲੀ ਪਾਤੜਾ, ਸ ਜਸਵਿੰਦਰ ਸਿੰਘ ਵਰਿਆਣਾ, ਸ ਨਰਿੰਦਰ ਸਿੰਘ ਮਾਵੀ, ਸ ਜਸਵੀਰ ਸਿੰਘ ਕਾਇਨੌਰ, ਸ ਮਲਕੀਤ ਸਿੰਘ ਥੇੜੀ, ਸ ਬਲਦੇਵ ਸਿੰਘ ਹਫਸਾਬਾਦ, ਸ ਭੁਪਿੰਦਰ ਸਿੰਘ ਬਜਰੂੜ, ਸ ਬਹਾਦਰ ਸਿੰਘ, ਸ ਜਸਵੀਰ ਸਿੰਘ ਭੂਰਾ, ਸ ਗੁਰਦਰਸ਼ਨ ਸਿੰਘ ਲਾਲੀ, ਸ ਹਰਭਜਨ ਸਿੰਘ, ਸ ਮੁਖਤਿਆਰ ਸਿੰਘ ਪੰਚ, ਸ ਨਰਿੰਦਰ ਸਿੰਘ ਨੰਬਰਦਾਰ, ਸ ਗੁਰਦਿਆਲ ਸਿੰਘ, ਸ ਸੁਖਦੇਵ ਸਿੰਘ ਗੇਬੀ, ਸ ਬਲਜੀਤ ਸਿੰਘ, ਸ ਸੁਰਿੰਦਰ ਸਿੰਘ ਸੰਨੀ, ਸ ਰਣਧੀਰ ਸਿੰਘ ਨਲੀਨਾ ਸੁਰਿੰਦਰ ਸਿੰਘ ਟਿਵਾਣਾ ਜਸਵਿੰਦਰ ਸਿੰਘ ਲਾਲੀ ਸੁਰਿੰਦਰ ਸਿੰਘ ਜਿੰਦਲਪੁਰ ਮਲਕੀਤ ਸਿੰਘ ਵਜੀਦੜੀ ਰਣਧੀਰ ਸਿੰਘ ਢੀਂਡਸਾ ਬਾਸੋਂ ਮਹਿੰਗਾ ਸਿੰਘ ਬੜੀ ਕਰਨੈਲ ਸਿੰਘ ਮਟੌਰੜਾ ਸਰੂਪ ਸਿੰਘ ਮਟੌਰੜਾ ਮਹਿੰਦਰ ਸਿੰਘ ਜਬੇਲੀ ਕੁਲਬੀਰ ਸਿੰਘ ਖਨੌੜਾ ਜਥੇਦਾਰ ਪਿਆਰਾ ਸਿੰਘ ਮਾਹੌਲ ਗਵਾਰਾ ਜਥੇਦਾਰ ਹਰਮੇਲ ਸਿੰਘ ਗੋਬਿੰਦਪੁਰਾ ਧਰਮ ਸਿੰਘ ਧਰੋਂਕੀ ਗੁਰਮੀਤ ਸਿੰਘ ਕੋਟ ਜਥੇਦਾਰ ਜੋਗਿੰਦਰ ਸਿੰਘ ਲੋਟ ਜਥੇਦਾਰ ਬਲਵੰਤ ਸਿੰਘ ਤਰਖੇੜੀ ਇਸ ਕਮੇਟੀ ਦੇ ਮੈਂਬਰ ਹੋਣਗੇ।

**ਜਥੇਦਾਰ ਕਰਨੈਲ ਸਿੰਘ ਪੰਜੋਲੀ ਇਸ ਕਮੇਟੀ ਦੇ ਕੁਆਡੀਨੇਟਰ ਹੋਣਗੇ**

ਜਥੇਦਾਰ ਕਰਨੈਲ ਸਿੰਘ ਪੰਜੋਲੀ ਇਸ ਕਮੇਟੀ ਦੇ ਕੁਆਡੀਨੇਟਰ ਵਜੋਂ ਸੇਵਾ ਨਿਭਾਉਣਗੇ। ਸ਼ਤਾਬਦੀ ਪ੍ਰੋਗਰਾਮ ਦੇ ਸਬੰਧ ਵਿੱਚ ਇਸ ਤਾਲਮੇਲ ਕਮੇਟੀ ਦੀ ਇਕ ਅਹਿਮ ਮੀਟਿੰਗ 7 ਸਤੰਬਰ, ਦਿਨ ਸ਼ਨੀਵਾਰ, ਸਵੇਰੇ 11 ਵਜੇ ਪਿੰਡ ਟੌਹੜਾ ਵਿਖੇ ਰੱਖੀ ਗਈ ਹੈ। ਜਿਸ ਵਿਚ ਸਾਰੇ ਪ੍ਰਬੰਧਾਂ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਵੱਖ ਵੱਖ ਮੈਂਬਰ ਸਹਿਬਾਨਾਂ ਦੀਆਂ ਜ਼ਿੰਮੇਵਾਰੀਆਂ ਲਗਾਈਆਂ ਜਾਣਗੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

### ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ

# ਅਧਿਆਪਕ ਦਿਵਸ ਕਾਲੇ ਦਿਵਸ ਵਜੋਂ ਮਨਾਇਆ




**ਬਠਿੰਡਾ, 05 ਸਤੰਬਰ (ਗੁਰਜੰਟ ਸਿੰਘ ਨਥੇਹਾ)**- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਖੇਤਰੀ ਖੋਜ ਕੇਂਦਰ ਬਠਿੰਡਾ ਦੇ ਅਧਿਆਪਕਾਂ ਨੇ ਪੰਜਾਬ ਸਰਕਾਰ ਦੇ ਅੜੀਅਲ ਵਤੀਰੇ ਖਿਲਾਫ ਅੱਜ ਅਧਿਆਪਕ ਦਿਵਸ ਨੂੰ ਕਾਲੇ ਦਿਵਸ ਵਜੋਂ ਮਨਾਇਆ ਗਿਆ। ਪੰਜਾਬ ਸਰਕਾਰ ਇੱਕ ਪਾਸੇ ਕਿਸਾਨ ਹਿਤੈਸ਼ੀ ਹੋਣ ਦਾ ਨਾਟਕ ਕਰਦੀ ਹੈ, ਖੇਤੀ ਨੀਤੀ ਬਣਾਉਣ ਦਾ ਢਿੰਡੋਰਾ ਪਿੱਟ ਰਹੀ ਹੈ ਪਰ ਅਸਲ ਵਿੱਚ ਖੇਤੀ ਵਿਗਿਆਨੀਆਂ ਦੇ ਬੁਨਿਆਦੀ ਹੱਕਾਂ ਨੂੰ ਕੁਚਲ ਕੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀਆਂ ਸ਼ਿਫਾਰਸਾਂ ਅਨੁਸਾਰ ਸੱਤਵੇਂ ਤਨਖਾਹ ਸਕੇਲ ਦੇਣ ਤੋਂ ਲਗਾਤਾਰ ਟਾਲ ਮਟੋਲ ਕਰ ਰਹੀ ਹੈ। ਇਸ ਨਾਲ ਜਿੱਥੇ ਵਿਗਿਆਨੀਆਂ ਵਿੱਚ ਰੋਸ ਪਾਇਆ ਜਾ ਰਿਹਾ ਹੈ, ਉਥੇ ਸਿੱਖਿਆ ਅਤੇ ਖੋਜ ਕਾਰਜ ਪ੍ਰਭਾਵਿਤ ਹੋ ਰਹੇ ਹਨ ਜਿਸਦਾ ਸਿੱਧਾ ਅਸਰ ਭਵਿੱਖ ਦੀ ਖੇਤੀ ਉੱਪਰ ਨਜ਼ਰ ਆਵੇਗਾ। ਜਿਸ ਦੀ ਭਰਪਾਈ ਆਮ ਆਦਮੀ ਸਰਕਾਰ ਨੂੰ ਕਰਨੀ ਭਾਰੀ ਪਵੇਗੀ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ ਦੇ ਪ੍ਰਧਾਨ ਡਾ. ਹਰਮੀਤ ਸਿੰਘ ਕਿੰਗਰਾ ਨੇ ਕੀਤਾ। ਇਸ ਦੌਰਾਨ ਐਸੋਸੀਏਸ਼ਨ ਦੇ ਸਕੱਤਰ ਡਾ. ਮਨਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਐਗਰੀਕਲਚਰਲ ਯੂਨੀਰਸਿਟੀ ਲੁਧਿਆਣਾ ਦੇ ਵਿਗਿਆਨੀਆਂ ਦੇ ਤਨਖਾਹ ਸਕੇਲ ਦੇ ਮਸਲੇ ਨੂੰ ਲੈ ਕੇ ਯੂਨੀਵਰਸਿਟੀ ਦੇ ਵਿਗਿਆਨੀ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ੀਲ ਹਨ। ਜਿਕਰਯੋਗ ਹੈ ਕਿ 5 ਸਤੰਬਰ 2022 ਨੂੰ 'ਰਾਸ਼ਟਰੀ ਅਧਿਆਪਕ ਦਿਵਸ' ਦੇ ਮੌਕੇ ਮੁੱਖ ਮੰਤਰੀ ਪੰਜਾਬ, ਸ. ਭਗਵੰਤ ਸਿੰਘ ਮਾਨ ਵਲੋਂ ਪ੍ਰੈਸ ਕਾਨਫਰੰਸ ਕਰਕੇ ਯੂਨੀਵਰਸਿਟੀ ਅਧਿਆਪਕਾਂ ਲਈ ਤਨਖਾਹ ਕਮਿਸ਼ਨ ਅਕਤੂਬਰ 2022 ਤੋਂ ਲਾਗੂ ਕਰਨ ਦਾ ਐਲਾਨ ਕੀਤਾ ਸੀ ਪਰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿੱਚ ਪੂਰਨ ਰੂਪ 'ਚ ਤਨਖਾਹ ਸਕੇਲ ਅਜੇ ਤੱਕ ਲਾਗੂ ਨਹੀ ਹੋਏ। ਇਸ ਮੁੱਦੇ ਨੂੰ ਲੈ ਕੇ ਯੂਨੀਵਰਸਿਟੀ ਅਧਿਆਪਕ ਜਥੇਬੰਦੀ ਦੇ ਸੱਦੇ ਤੇ ਖੇਤਰੀ ਕੇਂਦਰ ਬਠਿੰਡਾ ਵਿਖੇ ਪਿਛਲੇ 14 ਦਿਨਾਂ ਤੋਂ ਰੋਡ ਧਰਨੇ ਚੱਲ ਰਹੇ ਹਨ। ਅੱਜ ਦੇ ਅਧਿਆਪਕ ਦਿਵਸ ਦੇ ਮੌਕੇ ਤੇ ਖੇਤਰੀ ਖੋਜ ਕੇਂਦਰ ਦੇ ਅਧਿਆਪਕਾਂ ਨੇ ਕਾਲੇ ਬਿੱਲੇ ਲਾ ਕੇ ਕਾਲੇ ਦਿਵਸ ਵਜੋਂ ਮਨਾਇਆ ਅਤੇ ਪੰਜਾਬ ਸਰਕਾਰ ਖ਼ਿਲਾਫ਼ ਜੋਰਦਾਰ ਨਾਅਰੇਬਾਜ਼ੀ ਕੀਤੀ। ਅਧਿਆਪਕਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਖੇਤੀਬਾੜੀ ਸਿੱਖਿਆ, ਖੋਜ ਅਤੇ ਪ੍ਰਸਾਰ ਨਾਲ ਜੁੜੇ ਅਧਿਆਪਕਾਂ ਲਈ ਪੂਰਨ ਰੂਪ 'ਚ ਤਨਖਾਹ ਸਕੇਲ ਲਾਗੂ ਕੀਤੇ ਜਾਣ। ਉਨਾਂ ਜੋਰ ਦਿੱਤਾ ਇੱਕ ਜਨਵਰੀ 2016 ਤੋਂ ਬਣਦਾ ਬਕਾਇਆ ਦੇਣ, ਸੋਧੇ ਹੋਏ ਭੱਤੇ ਅਤੇ ਗਰੇਚੁਟੀ ਬਹਾਲ ਕਰਨ, ਨਵੇਂ ਭਰਤੀ ਹੋ ਰਹੇ ਅਧਿਆਪਕਾਂ ਲਈ ਸਿਰਫ ਮੁੱਢਲੀ ਤਨਖਾਹ ਵਾਲਾ ਨੋਟੀਫਿਕੇਸ਼ਨ ਰੱਦ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਅਤੇ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕੀਤੀਆਂ ਜਾਣ। ਉਹਨਾਂ ਕਿਹਾ ਕਿ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਅਗਲੇ ਦਿਨੀਂ ਆਮ ਆਦਮੀ ਦੀ ਸਰਕਾਰ ਖਿਲਾਫ ਪੰਜਾਬ ਦੀ ਖੇਤੀਬਾੜੀ ਨਾਲ ਸਾਰੋਕਾਰ ਰੱਖਣ ਵਾਲੀਆਂ ਕਿਸਾਨ ਹਿਤੈਸ਼ੀ ਜਥੇਬੰਦੀਆਂ ਦੇ ਸਾਥ ਨਾਲ ਸੰਘਰਸ਼ ਤੇਜ ਕੀਤਾ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਲਖਵੀਰ ਸਿੰਘ ਬਮਾਲ ਅਤੇ ਸਤੀਸ਼ ਜਿੰਦਲ ਧੂਰੀ ਹਲਕੇ ਦੇ ਕਾਂਗਰਸ ਦੇ ਬਲਾਕ ਪ੍ਰਧਾਨ ਬਣੇ



ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਪ੍ਰਦੇਸ਼ ਕਾਂਗਰਸ ਹਾਈਕਮਾਂਡ ਵੱਲੋਂ ਧੂਰੀ ਹਲਕੇ ਦਾ ਦਿਹਾਤੀ ਬਲਾਕ ਪ੍ਰਧਾਨ ਲਖਵੀਰ ਸਿੰਘ ਬਮਾਲ ਅਤੇ ਸਤੀਸ਼ ਜਿੰਦਲ ਨੂੰ ਧੂਰੀ ਸ਼ਹਿਰ ਦਾ ਬਲਾਕ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ ਤੇ ਕਾਂਗਰਸ ਦੇ ਦਿਹਾਤੀ ਬਲਾਕ ਪ੍ਰਧਾਨ ਲਖਵੀਰ ਸਿੰਘ ਬਮਾਲ ਅਤੇ ਧੂਰੀ ਸ਼ਹਿਰ ਦੇ ਬਲਾਕ ਪ੍ਰਧਾਨ ਸਤੀਸ਼ ਜਿੰਦਲ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੂਬਾ ਅਮਰਿੰਦਰ ਸਿੰਘ ਰਾਜਾ ਵੜਿੰਗ ਮੈਂਬਰ ਪਾਰਲੀਮੈਂਟ, ਕੈਪਟਨ ਸੰਦੀਪ ਸੰਧੂ ਜਨਰਲ ਸੈਕਟਰੀ ਪੰਜਾਬ ਕਾਂਗਰਸ ਅਤੇ ਵਿਜੈਇੰਦਰ ਸਿੰਗਲਾ ਸਮੇਤ ਸਮੁੱਚੀ ਕਾਂਗਰਸ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਉਹ ਧੂਰੀ ਹਲਕੇ ਵਿੱਚ ਕਾਂਗਰਸ ਨੂੰ ਹੋਰ ਮਜ਼ਬੂਤ ਕਰਨ ਲਈ ਯਤਨਸ਼ੀਲ ਰਹਿਣਗੇ। ਇਸ ਮੌਕੇ ਧੂਰੀ ਹਲਕੇ ਦੇ ਕਾਂਗਰਸੀ ਆਗੂ ਅਤੇ ਯੂਥ ਕਾਂਗਰਸ ਦੇ ਜਨਰਲ ਸੈਕਟਰੀ ਸੁਭਮ ਸ਼ਰਮਾ ਧੂਰੀ ਨੇ ਕਾਂਗਰਸ ਦੇ ਨਵ ਨਿਯੁਕਤ ਬਲਾਕ ਪ੍ਰਧਾਨ ਲਖਵੀਰ ਸਿੰਘ ਬਮਾਲ ਅਤੇ ਸਤੀਸ਼ ਜਿੰਦਲ ਨੂੰ ਮੁਬਾਰਕਵਾਦ ਦਿੱਤੀ।

ਆਵਾਜ਼ਿ ਕੌਮ AWAZE QAUM International Newspaper & WEB TV

## ਗ਼ਜ਼ਲ



ਇੱਕ ਵਾਰੀ ਅੱਜ ਫਿਰ ਪੰਜਾਬ ਰੋਇਆ ਹੈ।
ਬੀਜ਼ ਨਸ਼ੇ ਦਾ ਭੈੜਾ ਕੀਹਨੇ ਬੋਇਆ ਹੈ।
ਮਾਰੀਆਂ ਸੀ ਇਹਨੇ ਮੱਲਾਂ ਚਾਰੇ ਪਾਸੇ ਹੀ,
ਕਰਦਾ ਖ਼ੂਬ ਤਰੱਕੀ ਜ਼ਰ ਨਹੀਂ ਹੋਇਆ ਹੈ।
ਕਿਸ ਭੈੜੇ ਦੀ ਲੱਗੀ ਨਜ਼ਰ ਪੰਜਾਬ ਨੂੰ,
ਹਰ ਗਲ਼ੀ ਦਾ ਸਖਸ਼ ਫਿਰੇ ਅਧਮੋਇਆ ਹੈ।
ਕੌਣ ਕਰੂ ਇਹਦੀ ਰਾਖੀ ਸੋਚ ਵਿਚਾਰ ਕਰੋ,
ਦੇਖੋ ਕੀਹਦੇ ਦਿਲ ਵਿਚ ਦਰਦ ਸਮੋਇਆ ਹੈ।
ਕੱਟ ਕਦੇ ਨਹੀਂ ਹੋਇਆ ਜੋ ਤਲਵਾਰਾਂ ਤੋਂ,
ਨਾਲ਼ ਨਸ਼ੇ ਦੇ ਦੇਖੋ ਕਿਦਾਂ ਮੋਇਆ ਹੈ।
"ਸੋਹਲ" ਜਵਾਨੀ ਨਾਲ਼ ਪਿਆਰ ਦੇ ਮੋੜ ਲਵੋ,
ਨਸ਼ਿਆਂ ਰੂਪੀ ਦਲਦਲ ਨਫਰਤ ਟੋਇਆ ਹੈ।

-ਗੁਰਜੰਟ ਸਿੰਘ ਨਥੇਹਾ ਪਿੰਡ ਨਥੇਹਾ (ਤਲਵੰਡੀ ਸਾਬੋ)
ਸੰਪਰਕ: +918968727272

# ਘੁੰਮਣ ਕਲਾਂ ਵਿਖੇ ਬੰਦ ਪਏ ਟੋਲ ਪਲਾਜੇ ਦਾ ਸਫਾਇਆ ਕਰਨ ਲਈ ਬੀਕੇਯੂ ਡਕੌਂਦਾ ਦੀ ਹੋਈ ਮਹੀਨਾਵਾਰ ਮੀਟਿੰਗ



ਤਲਵੰਡੀ ਸਾਬੋ, 05 ਸਤੰਬਰ (ਗੁਰਜੰਟ ਸਿੰਘ ਨਥੇਹਾ)- ਅੱਜ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੀ ਜਿਲ੍ਹਾ ਮਹੀਨਾਵਾਰ ਮੀਟਿੰਗ ਬਠਿੰਡਾ ਮਾਨਸਾ ਰੋਡ ਤੇ ਘੁੰਮਣ ਕਲਾਂ ਟੋਲ ਪਲਾਜੇ ਤੇ ਜਿਲ੍ਹਾ ਪ੍ਰਧਾਨ ਬਲਦੇਵ ਸਿੰਘ ਭਾਈਰੂਪਾ ਦੀ ਅਗਵਾਈ ਵਿੱਚ ਹੋਈ ਜਿਸ ਵਿੱਚ ਮਹਿੰਦਰ ਸਿੰਘ ਭੈਣੀ ਬਾਘਾ ਜਿਲ੍ਹਾ ਪ੍ਰਧਾਨ ਮਾਨਸਾ, ਸਤਪਾਲ ਸਿੰਘ ਵਰ੍ਹੇ ਜਿਲ੍ਹਾ ਜਰਨਲ ਸਕੱਤਰ ਮਾਨਸਾ ਅਤੇ ਇਕਬਾਲ ਸਿੰਘ ਮਾਨਸਾ ਜਿਲ੍ਹਾ ਖਜਾਨਚੀ ਮਾਨਸਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੌਕੇ ਬਲਦੇਵ ਸਿੰਘ ਭਾਈਰੂਪਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਜੋ ਘੁੰਮਣ ਕਲਾਂ ਵਾਲਾ ਬੰਦ ਪਏ ਟੋਲ ਪਲਾਜ਼ਾ ਤੇ ਜੋ ਐਕਸੀਸਡੈਂਟਾਂ ਦਾ ਘਰ ਹੈ ਅਤੇ ਜਿਥੇ ਲੰਘਣ ਵਾਲਿਆਂ ਲਈ ਲੁੱਟ ਖੋਹ ਦਾ ਖੌਫ ਬਣਿਆ ਹੋਇਆ ਹੈ ਉਥੇ ਇਕ ਅਗਸਤ ਤੋਂ ਪੱਕਾ ਮੋਰਚਾ ਲੱਗਿਆ ਹੋਇਆ ਹੈ, ਉਸਦਾ 16 ਸਤੰਬਰ ਤੋਂ ਬਾਅਦ ਹਰ ਹਾਲਤ ਵਿੱਚ ਮੁਕੰਮਲ ਸਫਾਇਆ ਕੀਤਾ ਜਾਵੇਗਾ। ਜਿਸ ਕਰਕੇ ਇਸ ਰੋਡ ਉਪਰ ਚਲ ਰਹੇ ਟਰੈਫਿਕ ਨੂੰ ਕੋਈ ਵੀ ਮੁਸ਼ਿਕਲ ਨਾ ਆਵੇ ਨਾ ਹੀ ਕੋਈ ਐਕਸੀਡੈਂਟ ਵਗੈਰਾ ਨਾ ਹੋਵੇ। ਰਾਜਮਹਿੰਦਰ ਸਿੰਘ ਕੋਟਭਾਰਾ ਜਿਲ੍ਹਾ ਜਰਨਲ ਸਕੱਤਰ ਬਠਿੰਡਾ ਨੇ ਕਿਹਾ ਕਿ ਇਸ ਸਬੰਧ ਵਿੱਚ ਪਿੰਡ-ਪਿੰਡ ਜਾ ਕੇ ਮੀਟਿੰਗਾਂ ਅਤੇ ਰੈਲੀਆਂ ਕੀਤੀਆਂ ਜਾਣਗੀਆਂ ਸੱਦਾ ਦਿੱਤਾ ਜਾਵੇਗਾ। ਕਿਸਾਨਾਂ ਮਜ਼ਦੂਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਸੜਕ ਉਪਰ ਬਣੀ ਹੋਈ ਇਸ ਖੰਡਰ ਇਮਾਰਤ ਅਤੇ ਡਿੱਗੂ-ਡਿੱਗੂ ਕਰਦੇ ਸ਼ੈੱਡਾਂ ਨੂੰ ਇਸ ਸੜਕ ਤੋਂ ਹਟਾਈਏ ਅਤੇ ਰਾਹਗੀਰਾਂ ਨੂੰ ਸੁੱਖ ਦਾ ਸਾਂਹ ਦਿਵਾਈਏ। ਇਸ ਮੌਕੇ ਮਾਨਸਾ ਜਿਲ੍ਹਾ ਦੇ ਪ੍ਰਧਾਨ ਮਹਿੰਦਰ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਮਾਨਸਾ ਜ਼ਿਲ੍ਹੇ ਵੱਲੋਂ ਵੀ ਇਸ ਟੋਲ ਪਲਾਜ਼ੇ ਦੇ ਖੰਡਰ ਹੋਏ ਜੁਗਾੜ ਨੂੰ ਹਟਾਉਣ ਵਾਸਤੇ ਮਾਨਸਾ ਜ਼ਿਲ੍ਹੇ ਵਿੱਚੋਂ ਵੀ ਕਿਸਾਨਾਂ ਮਜ਼ਦੂਰਾਂ ਅਤੇ ਬੀਬੀਆਂ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਵਾਈ ਜਾਵੇਗੀ ਤਾਂ ਜੋ ਢੇਪਈ ਵਾਲੇ ਟੋਲ ਪਲਾਜ਼ੇ ਵਾਂਗ ਇਸਦਾ ਵੀ ਸਫਾਈਆ ਕੀਤਾ ਜਾਵੇਗਾ। ਇਸ ਮੌਕੇ ਅਵਤਾਰ ਸਿੰਘ ਕੁੱਬੇ, ਸੋਨੂੰ ਅਜ਼ਾਦ ਲਹਿਰੀ ਪ੍ਰੈਸ ਸਕੱਤਰ, ਬੂਟਾ ਸਿੰਘ ਤੁੰਗਵਾਲੀ ਬਲਾਕ ਪ੍ਰਧਾਨ ਨਥਾਣਾ, ਮਨਜੀਤ ਸਿੰਘ ਭਾਈਰੂਪਾ, ਜਗਸੀਰ ਸਿੰਘ ਕੋਟਭਾਰਾ, ਜਸਪਾਲ ਸਿੰਘ ਕੁੱਬੇ, ਸਰਬਜੀਤ ਸਿੰਘ ਤੁੰਗਵਾਲੀ, ਪਾਲ ਸਿੰਘ, ਜਗਜੀਤ ਸਿੰਘ ਘੁੰਮਣ, ਮੱਖਣ ਸਿੰਘ ਘੁੰਮਣ, ਬਲਜੀਤ ਸਿੰਘ ਪ੍ਰਧਾਨ ਘੁੰਮਣ ਅਤੇ ਅਮਰੀਕ ਸਿੰਘ ਘੁੰਮਣ ਆਦਿ ਸ਼ਾਮਿਲ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਅਧਿਆਪਕ ਦਿਵਸ ਤੇ ਬਲਾਕ ਫਿਰੋਜ਼ਪੁਰ-1 ਵਿਖੇ

# ਅਧਿਆਪਕ ਸਨਮਾਨ ਸਮਾਰੋਹ ਆਯੋਜਿਤ



**ਫ਼ਿਰੋਜ਼ਪੁਰ 5 ਸਤੰਬਰ (ਸੁਖਮੰਦਰ ਸਿੰਘ ਸ਼ਾਤ)**-ਅਧਿਆਪਕ ਦੀ ਭੂਮਿਕਾ ਤੋਂ ਬਿਨਾਂ ਆਦਰਸ਼ ਸਮਾਜ ਦੇ ਨਿਰਮਾਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਕਿਸੇ ਵੀ ਸਮਾਜ ਦੀ ਦਸ਼ਾ ਅਤੇ ਦਿਸ਼ਾ ਦਾ ਅੰਦਾਜ਼ਾ ਉਸਦੇ ਅਧਿਆਪਕਾਂ ਦੀ ਸ਼ਖਸੀਅਤ ਦੇ ਨਾਲ-ਨਾਲ ਉਸ ਸਮਾਜ ਵੱਲੋਂ ਅਧਿਆਪਕ ਨੂੰ ਦਿੱਤੇ ਜਾ ਰਹੇ ਮਾਣ-ਸਤਿਕਾਰ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਹਰ ਸਮਾਜ ਦਾ ਭਵਿੱਖ ਉਸਦੇ ਬੱਚੇ ਹੁੰਦੇ ਹਨ ਤੇ ਬੱਚਿਆਂ ਦਾ ਚਰਿੱਤਰ ਨਿਰਮਾਣ ਅਧਿਆਪਕ ਨੇ ਹੀ ਕਰਨਾ ਹੁੰਦਾ ਹੈ। ਅਧਿਆਪਕ ਦੀ ਸ਼ਖਸੀਅਤ ਦੇ ਗੁਣ ਅਤੇ ਔਗੁਣ ਵਿਦਿਆਰਥੀਆਂ ਦੀ ਸ਼ਖਸੀਅਤ ਨੂੰ ਬਾਖੂਬੀ ਪ੍ਰਭਾਵਿਤ ਕਰਦੇ ਹਨ। ਇਹ ਪ੍ਰਗਟਾਵਾ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਫ਼ਿਰੋਜ਼ਪੁਰ-1 ਸ਼੍ਰੀਮਤੀ ਸੁਮਨਦੀਪ ਕੌਰ ਨੇ ਸਰਕਾਰੀ ਪ੍ਰਾਇਮਰੀ ਸਕੂਲ ਚੁੰਗੀਖਾਨਾ ਵਿਖੇ ਅਧਿਆਪਕ ਦਿਵਸ ਮੌਕੇ ਆਯੋਜਿਤ ਸਮਾਰੋਹ ਦੌਰਾਨ ਬਲਾਕ ਫ਼ਿਰੋਜ਼ਪੁਰ-1 ਦੇ ਸਿੱਖਿਆ ਦੇ ਖੇਤਰ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਦੇਣ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕਰਨ ਮੌਕੇ ਕੀਤਾ। ਇਸ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਰੋਹ ਦੌਰਾਨ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਫ਼ਿਰੋਜ਼ਪੁਰ-1 ਨੇ ਕਿਹਾ ਕਿ ਸਕੂਲਾਂ ਵਿੱਚ ਸਿੱਖਿਆ ਦੀ ਕੁਆਲਿਟੀ ਨੂੰ ਬਿਹਤਰ ਬਣਾਉਣ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਅਤੇ ਬੱਚਿਆਂ ਦੀ ਗਿਣਤੀ ਵਿੱਚ ਵਾਧਾ ਕਰਨਾ ਅਤੇ ਵਿਭਾਗ ਦੁਆਰਾ ਦਿੱਤੇ ਗਏ ਵੱਖ-ਵੱਖ ਪ੍ਰੋਜੈਕਟਾਂ ਨੂੰ ਮਿੱਥੇ ਸਮੇਂ ਤੇ ਪੂਰਾ ਕਰਨ ਵਾਲੇ ਅਧਿਆਪਕਾਂ ਨੂੰ ਬਲਾਕ ਪੱਧਰ ਤੇ ਅੱਜ ਸਨਮਾਨਿਤ ਕੀਤਾ ਗਿਆ। ਉਨ੍ਹਾਂ ਸਮੂਹ ਹਾਜ਼ਰ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਸਿੱਖਿਆ ਦਾ ਵਿਕਾਸ ਹੀ ਸੰਪੂਰਨ ਸਮਾਜ ਦਾ ਵਿਕਾਸ ਕਰ ਸਕਦਾ ਹੈ, ਸਮਾਜ ਦੇ ਵਿਕਾਸ ਲਈ ਇੱਕ ਅਧਿਆਪਕ ਦਾ ਸਭ ਤੋਂ ਵੱਡਾ ਯੋਗਦਾਨ ਹੁੰਦਾ ਹੈ। ਇਸ ਮੌਕੇ ਸੀਐਸਟੀ ਜਸਵਿੰਦਰ ਕੌਰ ਪੂਜਾ ਅਰੋੜਾ, ਗੁਰਬਚਨ ਸਿੰਘ ਭੁੱਲਰ, ਬਲਜਿੰਦਰ ਕੌਰ ਹੈੱਡ ਟੀਚਰ, ਸੀਮਾ ਸਹਿਗਲ, ਵੀਨੂ ਬਾਲਾ, ਕੁਲਦੀਪ ਸਿੰਘ, ਗਗਨਦੀਪ ਸਿੰਘ, ਜਸਪ੍ਰੀਤ ਕੌਰ ਹੈੱਡ ਟੀਚਰ, ਤਰੁਨ ਸ਼ਰਮਾ ਈ.ਟੀ.ਟੀ. ਟੀਚਰ, ਜਨਕ ਸਿੰਘ ਅਤੇ ਚਿੰਕੀ ਆਫਿਸ ਅਸਿਸਟੈਂਟ ਅਤੇ ਹੋਰ ਈ.ਟੀ.ਟੀ ਟੀਚਰ ਅਤੇ ਐਸੋਸੀਏਟ ਟੀਚਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਚ

# ਡਾ: ਰਾਧਾਕ੍ਰਿਸ਼ਨਨ ਦਾ ਜਨਮ ਦਿਵਸ ਮਨਾਇਆ

ਫ਼ਿਰੋਜ਼ਪੁਰ, 5 ਸਤੰਬਰ (ਮਨੋਹਰ ਲਾਲ) :— ਫ਼ਿਰੋਜ਼ਪੁਰ—ਮੋਗਾ ਰੋਡ 'ਤੇ ਸਥਿਤ ਟੀ.ਬੀ.ਐੱਸ ਇੰਟਰਨੈਸ਼ਨਲ ਸਕੂਲ ਵਿਖੇ ਸਰਵਪੱਲੀ ਡਾ: ਰਾਧਾਕ੍ਰਿਸ਼ਨਨ ਦੇ ਜਨਮ ਦਿਨ ਤੇ ਮਿਤੀ 05.09.24 ਨੂੰ ਸਕੂਲ ਵਿੱਚ ਅਧਿਆਪਕ ਦਿਵਸ ਬੜੀ ਧੂਮ—ਧਾਮ ਨਾਲ ਮਨਾਇਆ ਗਿਆ। ਇਲਾਕੇ ਵਿਚ ਸਿੱਖਿਆ ਦਾ ਚਾਨਣ ਮੁਨਾਰਾ ਵੰਡ ਰਿਹਾ ਸਕੂਲ ਜੋ ਕਿ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਦੇਖ—ਰੇਖ ਹੇਠ ਚੱਲ ਰਿਹਾ ਹੈ। ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਦਿਨ ਨੂੰ ਆਪਣੇ ਅਧਿਆਪਕਾਂ ਲਈ ਖਾਸ ਬਣਾਉਣ ਲਈ ਸਕੂਲ ਵਿੱਚ ਆਰਕੀਮੀਡੀਜ਼ ਹਾਊਸ ਦੇ ਵਿਦਿਆਰਥੀਆਂ ਵੱਲੋਂ ਇੱਕ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ। ਸਵੇਰ ਦੀ ਸਭਾ ਦੀ ਸ਼ੁਰੂਆਤ ਸਕੂਲ ਪ੍ਰਿੰਸੀਪਲ ਰੇਖਾ ਪਾਸੀ ਵੱਲੋਂ ਕਰਦਿਆਂ ਅਧਿਆਪਕ ਦਿਵਸ ਦੀ ਮਹੱਤਤਾ ਅਤੇ ਸਰਵਪੱਲੀ ਡਾ: ਰਾਧਾਕ੍ਰਿਸ਼ਨਨ ਜੀ ਦੇ ਸਿੱਖਿਆ ਦੇ ਖੇਤਰ ਵਿੱਚ ਪਾਏ ਯੋਗਦਾਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਵਿਦਿਆਰਥੀ ਜੀਵਨ ਵਿੱਚ ਅਧਿਆਪਕ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਅਧਿਆਪਕ-ਵਿਦਿਆਰਥੀਆਂ ਦੇ ਭਵਿੱਖ ਦਾ ਸਿਰਜਣਹਾਰ ਹੁੰਦਾ ਹੈ, ਇਸ ਲਈ ਹਮੇਸ਼ਾ ਆਪਣੇ ਅਧਿਆਪਕ ਦਾ ਸਤਿਕਾਰ ਕਰੋ। ਵਿਦਿਆਰਥੀਆਂ ਨੇ ਡਾ: ਸਰਵਪੱਲੀ ਰਾਧਾਕ੍ਰਿਸ਼ਨਨ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੇ ਦੱਸੇ ਮਾਰਗ ਤੇ ਚੱਲਣ ਦਾ ਸੰਕਲਪ ਲਿਆ ਅਤੇ ਆਪਣੇ ਅਧਿਆਪਕਾਂ ਦਾ ਆਸ਼ੀਰਵਾਦ ਲਿਆ। ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਅਧਿਆਪਕਾਂ ਲਈ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੀ ਮਿਹਨਤ ਦੀ ਸ਼ਲਾਘਾ ਕੀਤੀ ਗਈ। ਇਸ ਦੌਰਾਨ ਅਧਿਆਪਕਾਂ ਦੇ ਮਨੋਰੰਜਨ ਲਈ ਖੇਡ ਮੁਕਾਬਲੇ ਕਰਵਾਏ ਗਏ।




ਆਵਾਜ਼ਿ ਕੌਮ AWAZE QAUM International Newspaper & WEB TV

# ਮਾਤਾ ਸਾਹਿਬ ਕੌਰ ਖਾਲਸਾ ਕਾਲਜ ਵਿਖੇ ਲਾਇਆ ਦੰਦਾਂ ਦਾ ਚੈਕਅਪ ਕੈਂਪ

ਫ਼ਿਰੋਜ਼ਪੁਰ, 5 ਸਤੰਬਰ (ਮਨੋਹਰ ਲਾਲ) :— ਜੈਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ ਫ਼ਿਰੋਜ਼ਪੁਰ ਵੱਲੋਂ ਮਾਤਾ ਸਾਹਿਬ ਕੌਰ ਖ਼ਾਲਸਾ ਕਾਲਜ ਤਲਵੰਡੀ ਭਾਈ ਵਿਖੇ ਦੰਦਾਂ ਦਾ ਚੈੱਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਡਾ: ਰੁਦਰ ਅਤੇ ਡਾ: ਸਿਰਜਨ ਦੀ ਟੀਮ ਵੱਲੋਂ ਸਕੂਲ ਦੇ ਸਾਰੇ ਬੱਚਿਆਂ ਦੇ ਦੰਦਾਂ ਦੀ ਜਾਂਚ ਕੀਤੀ ਗਈ। ਇਮਤਿਹਾਨ ਦੌਰਾਨ ਡਾ: ਰੁਦਰਾ, ਡਾ: ਸਿਰਜਨਦੀਪ ਸਿੰਘ ਨੇ ਦੰਦਾਂ ਦੀ ਸਹੀ ਜਾਂਚ ਕੀਤੀ ਅਤੇ ਬੁਰਸ਼ ਕਰਨ ਦੇ ਸਹੀ ਤਰੀਕੇ ਸਮੇਤ ਬੱਚਿਆਂ ਨੂੰ ਦੰਦਾਂ ਨਾਲ ਸਬੰਧਿਤ ਹਰ ਪ੍ਰਕਾਰ ਦੀ ਜਾਣਕਾਰੀ ਵੀ ਸਾਂਝੀ ਕੀਤੀ। ਸਕੂਲੀ ਬੱਚਿਆਂ ਨਾਲ ਵਿਚਾਰ ਸਾਂਝੇ ਕਰਦਿਆਂ ਉਨ੍ਹਾਂ ਦੱਸਿਆ ਕਿ ਦੰਦਾਂ ਦੀ ਸੰਭਾਲ ਕਿਵੇਂ ਕਰਨੀ ਚਾਹੀਦੀ ਹੈ ਅਤੇ ਖਰਾਬ ਦੰਦ ਕਿਸ ਤਰ੍ਹਾਂ ਕਈ ਬਿਮਾਰੀਆਂ ਦਾ ਕਾਰਨ ਬਣਦੇ ਹਨ। ਕਾਲਜ ਪ੍ਰਿੰਸੀਪਲ ਨੇ ਕਿਹਾ ਕਿ ਜਿਸ ਤਰ੍ਹਾਂ ਅਸੀਂ ਆਪਣੇ ਸਰੀਰ ਦੇ ਹੋਰ ਅੰਗਾਂ ਦੀ ਜਾਂਚ ਕਰਵਾਉਂਦੇ ਹਾਂ, ਇਸੇ ਤਰ੍ਹਾਂ ਸਾਡੇ ਦੰਦਾਂ ਨੂੰ ਵੀ ਦੰਦਾਂ ਦੇ ਡਾਕਟਰ ਦੁਆਰਾ ਸਮੇਂ—ਸਮੇਂ ਤੇ ਦੇਖਣਾ ਚਾਹੀਦਾ ਹੈ ਅਤੇ ਸਾਡੇ ਦੰਦਾਂ ਦੀ ਸਮੇਂ—ਸਮੇਂ ਤੇ ਜਾਂਚ ਕਰਵਾਉਣੀ ਚਾਹੀਦੀ ਹੈ। ਅੰਤ ਵਿੱਚ ਪੀ.ਆਰ.ਓ ਰਣਜੀਤ ਸਿੰਘ ਅਤੇ ਮਨਜੀਤ ਸਿੰਘ ਨੂੰ ਬੁਰਸ਼ ਅਤੇ ਟੁੱਥਪੇਸਟ ਵੰਡੇ ਗਏ।




ਆਵਾਜ਼ਿ ਕੌਮ AWAZE QAUM International Newspaper & WEB TV

# ਖਾਲਸਾ ਸਕੂਲ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ





**ਫ਼ਿਰੋਜ਼ਪੁਰ, 5 ਸਤੰਬਰ (ਮਨੋਹਰ ਲਾਲ) :—** ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਚੱਲ ਰਹੇ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਮੂਲ ਮੰਤਰ ਜੀ ਦੇ ਜਾਪ, ਗੁਰਬਾਣੀ ਸ਼ਬਦ ਗਾਇਨ ਅਤੇ ਕਵਿਤਾਵਾਂ ਕਵੀਸ਼ਰੀ ਪੇਸ਼ ਕੀਤੀ ਗਈ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਨੇ ਸਮੁੱਚੇ ਸਟਾਫ ਅਤੇ ਵਿਦਿਆਰਥੀਆਂ ਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਸਮੂਹ ਸਕੂਲ ਸਟਾਫ ਵੱਲੋਂ ਬੱਚਿਆਂ ਨੂੰ ਗੁਰੂ ਅਤੇ ਗੁਰਬਾਣੀ ਨਾਲ ਜੁੜਣ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਦਾ ਮਨੁੱਖਾ ਜੀਵਨ ਸਫਲਾ ਹੋ ਸਕੇ।

ਆਵਾਜ਼ਿ ਕੌਮ AWAZE QAUM International Newspaper & WEB TV

# ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਨੇ ਮਨਾਇਆ ਅਧਿਆਪਕ ਦਿਵਸ







**ਫ਼ਿਰੋਜ਼ਪੁਰ, 5 ਸਤੰਬਰ (ਮਨੋਹਰ ਲਾਲ) :—** ਸਮਾਜ ਸੇਵੀ ਕਾਰਜ ਕਰਦੀ ਆ ਰਹੀ ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਫ਼ਿਰੋਜ਼ਪੁਰ ਵੱਲੋਂ ਗੋਬਿੰਦ ਕਾਨਵੈਂਟ ਸਕੂਲ ਬਾਗੀ ਰੋਡ ਫ਼ਿਰੋਜ਼ਪੁਰ ਵਿਖੇ ਅਧਿਆਪਕ ਦਿਵਸ ਬੜੀ ਧੂਮ—ਧਾਮ ਨਾਲ ਮਨਾਇਆ। ਇਸ ਸਮਾਰੋਹ ਡਾਕਟਰ ਦੀਵਾਨ ਚੰਦ ਸੁਖੀਜਾ ਚੇਅਰਮੈਨ, ਕਿਸ਼ਨ ਚੰਦ ਜਾਗੋਵਾਲੀਆ ਪ੍ਰਧਾਨ ਅਤੇ ਪਰਵੀਨ ਧਵਨ ਦੀ ਦੇਖ—ਰੇਖ ਹੇਠ ਮਨਾਇਆ ਗਿਆ। ਇਸ ਮੌਕੇ ਚੰਗਾ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਸੰਸਥਾ ਵੱਲੋਂ ਵਿਸ਼ੇਸ਼ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ, ਜਦੋਂ ਕਿ ਬੱਚਿਆਂ ਨੂੰ ਆਪਣੇ ਮਾਪਿਆਂ ਅਤੇ ਅਧਿਆਪਕ ਦੇ ਆਗਿਆਕਾਰੀ ਬਨਣ ਦੀ ਅਪੀਲ ਕੀਤੀ। ਇਸ ਮੌਕੇ ਗੀਤਾ, ਸੁਨੀਤਾ, ਸੰਦੀਪ ਸ਼ਰਮਾ ਅਤੇ ਟੀਚਰ ਗੋਬਿੰਦ ਕਾਨਵੈਂਟ ਸਕੂਲ ਨੂੰ ਸਨਮਾਨਿਤ ਕੀਤਾ ਗਿਆ, ਜਦੋਂ ਕਿ ਇਸ ਮੌਕੇ ਰਮੇਸ਼ ਬਜਾਜ, ਰਿਪਨ ਧਵਨ, ਯਸ਼ਪਾਲ ਸ਼ਰਮਾ ਅਤੇ ਅਬਿਨਾਸ਼ ਸਿੰਘ ਆਦਿ ਅਹੁਦੇਦਾਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਅੱਜ ਸਕੂਲ ਬੱਚਿਆਂ, ਅਧਿਆਪਕਾਂ, ਮਾਪਿਆਂ ਨੇ ਮਿਲ ਕੇ ਟੀਚਰ ਦਿਨ ਤੇ ਮਨਾਇਆ ਹੈ, ਬਲਕਿ ਅਪਣਾਇਆ : ਪੀ.ਸੀ ਕੁਮਾਰ

**ਫ਼ਿਰੋਜ਼ਪੁਰ, 5 ਸਤੰਬਰ (ਮਨੋਹਰ ਲਾਲ) :—** ਅੱਜ ਰੋਹਿਤ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਚ ਪਹਿਲਾਂ ਦੀ ਤਰ੍ਹਾਂ ਸ੍ਰੀ ਪੀ.ਸੀ ਕੁਮਾਰ ਸੇਵਾ ਮੁਕਤ ਮਾਸ ਮੀਡੀਆ, ਸਿਹਤ ਵਿਭਾਗ, ਸੀਨੀਅਰ ਸਿਟੀਜਨ ਜ਼ਿਲ੍ਹਾ ਫ਼ਿਰੋਜ਼ਪੁਰ, ਐਨ.ਜੀ.ਓਜ਼ ਕੋਆਰਡੀਨੇਸ਼ਨ ਕਮੇਟੀ ਤੇ ਸਦਾਵਰਤ ਪੰਚਾਇਤੀ, ਸਮਾਜ ਸੇਵੀ ਸੰਸਥਾ ਦੇ ਮੁੱਖ ਕਾਰਜਕਰਤਾ ਸਮਾਜ ਸੁਧਾਰਕ ਵੱਲੋਂ ਇਸ ਦਿਨ ਦੀ ਮਹੱਤਤਾ ਅਤੇ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੇ ਇਸ ਪਰਿਵਾਰ, ਸਮਾਜ, ਦੇਸ਼ ਦੁਨਿਆਂ ਵਿਚ ਕੁਝ ਕਰ ਵਿਖਾਇਆ, ਜਿਸ ਦੇ ਪਿਛੇ ਇਨ੍ਹਾਂ ਅਧਿਆਪਕਾਂ ਦਾ ਬਹੁਤ ਵੱਡਾ ਜਿਵੇਂ ਕਿ ਸਾਡੇ ਪਹਿਲੇ ਰਾਸ਼ਟਰਪਤੀ ਰਾਦਾ ਕ੍ਰਿਸ਼ਨ ਜੀ ਵੱਲੋਂ ਆਪਣਾ ਦਿਨ ਪੰਜ ਸਿਤੰਬਰ ਅਧਿਆਪਕ ਦਿਵਸ ਮਨਾਉਣ ਦਾ ਨਿਯਤ ਹੋਇਆ। ਅੱਜ ਅਸੀਂ ਉਨ੍ਹਾਂ ਨੂੰ ਯਾਦ ਕਰਕੇ ਉਨ੍ਹਾਂ ਦੇ ਰਸਤੇ ਪਰ ਚੱਲਣ ਲਈ ਘਰ, ਸਕੂਲ, ਸਮਾਜ ਵਿਚ ਇਹ ਦਿਨ ਮਨਾ ਕੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਸਾਡਾ ਸਭ ਤੋਂ ਪਹਿਲਾਂ ਗੁਰੂ ਮਾਂ ਹੈ, ਇਕ ਰੁੱਖ ਮਾਂ ਦੇ ਨਾਮ ਤੇ ਲਗਾਉਣ ਦਾ ਪ੍ਰਣ ਲਿਆ। ਸਵੇਰੇ ਉਠ ਕੇ ਵੱਡਿਆਂ ਦੇ ਚਰਨ ਛੂੰਹਨ ਅਤੇ ਅਧਿਆਪਕਾਂ ਦੇ ਚਰਨ ਛੂਦਾ ਪ੍ਰਣ ਲਿਆ। ਸੰਸਥਾ ਵੱਲੋਂ ਅਧਿਆਪਕਾਂ ਨੂੰ ਮਾਣ ਦਿੱਤਾ ਗਿਆ, ਨਾਲ ਹੈਡ ਅਧਿਆਪਕ ਵੱਲੋਂ ਧੰਨਵਾਦ ਵੀ ਕੀਤਾ ਗਿਆ।



### ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਨੇ ਕੱਢੀ ਮੋਟਰ ਸਾਈਕਲ ਰੈਲੀ

# ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਦੇ ਨਾਮ ਭੇਜੇ ਮੰਗ ਪੱਤਰ










**ਫ਼ਿਰੋਜ਼ਪੁਰ, 5 ਸਤੰਬਰ (ਮਨੋਹਰ ਲਾਲ) :—** ਵੱਧ ਰਹੀ ਮਹਿਗਾਈ, ਬੇਰੁਜ਼ਗਾਰੀ ਲੁੱਟਾਂ—ਖੋਹਾਂ ਕੇਂਦਰ ਤੇ ਰਾਜ ਸਰਕਾਰ ਦੀਆਂ ਮਾੜੀਆਂ ਨੀਤੀਆਂ ਦੇ ਵਿਰੋਧ ਵਿੱਚ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਮੋਟਰਸਾਈਕਲ ਰੈਲੀ ਕੱਢੀ ਗਈ। ਇਸ ਰੈਲੀ ਦੀ ਅਗਵਾਈ ਸਾਂਝੇ ਮੋਰਚੇ ਦੇ ਕੋਆਰਡੀਨੇਟਰ ਸ਼ੁਭਾਸ਼ ਸ਼ਰਮਾ, ਕਨਵੀਨਰ ਸੁਰਿੰਦਰ ਸਿੰਘ, ਕਨਵੀਨਰ ਕਿਸਨ ਚੰਦ ਜਾਗੋਵਾਲੀਆ ਨੇ ਕੀਤੀ ਅਤੇ ਇਹ ਮੋਟਰ ਸਾਈਕਲ ਰੈਲੀ ਨਾਰਦਰਨ ਰੇਲਵੇ ਮੈਨਜ ਯੂਨੀਅਨ ਦਫਤਰ ਫਿਰੋਜਪੁਰ ਤੋਂ ਸ਼ੁਰੂ ਹੋ ਕੇ ਛਾਉਣੀ ਦੇ ਬਾਜ਼ਾਰਾਂ ਵਿੱਚੋਂ ਹੁੰਦੀ ਹੋਈ ਐਮ.ਐਲ.ਏ ਫਿਰੋਜਪੁਰ ਸ਼ਹਿਰੀ ਤੇ ਐਮ.ਐਲ.ਏ ਦਿਹਾਤੀ ਦੇ ਦਫਤਰਾਂ ਮੂਹਰੇ ਪਹੁੰਚ ਕੇ ਰੈਲੀ ਕੀਤੀ। ਇਸ ਸਮੇਂ ਸਾਂਝੇ ਮੋਰਚੇ ਦੇ ਆਗੂ ਪ੍ਰਦੀਪ ਧਵਨ, ਰਮੇਸ਼ ਸ਼ਰਮਾ, ਗੁਰਮੀਤ ਸਿੰਘ ਔਲਖ, ਤਰਸੇਮ ਸਿੰਘ ਬੇਦੀ, ਪ੍ਰ: ਕੁਲਦੀਪ ਸਿੰਘ, ਗੁਰਨਾਮ ਸਿੰਘ, ਨਰਿੰਦਰ ਸ਼ਰਮਾ, ਰਾਮ ਪ੍ਰਸ਼ਾਦ ਨੇ ਕਿਹਾ ਕੇ ਪੰਜਾਬ ਨਾਲ ਨਿਰੰਤਰ ਕੀਤੇ ਜਾ ਰਹੇ ਧੱਕੇ ਵਿਤਕਰੇ ਬੰਦ ਕੀਤੇ ਜਾਣ ਅਤੇ ਸੂਬੇ ਦਾ ਮਾਹੌਲ ਖਰਾਬ ਕਰਨ ਵਾਲੀਆਂ ਸਾਜਿਸ਼ਾਂ ਬੰਦ ਕੀਤੀਆਂ ਜਾਣ, ਰੁਜ਼ਗਾਰ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਬਣਾਇਆ ਜਾਵੇ, ਬੇਰੁਜਗਾਰਾਂ ਨੂੰ ਯੋਗਤਾ ਅਨੁਸਾਰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ, ਕੰਮ ਨਾ ਮਿਲਣ ਤੱਕ ਢੁੱਕਵੀ ਤਨਖਾਹ ਦੀ ਅੱਧੀ ਰਕਮ ਬੇਰੁਜ਼ਗਾਰੀ ਭੱਤੇ ਵਜੋਂ ਦਿੱਤੀ ਜਾਵੇ, ਆਊਟਸੋਰਸ, ਠੇਕਾ ਭਰਤੀ ਮੁਲਾਜ਼ਮ ਪੱਕੇ ਕੀਤੇ ਜਾਣ, ਆਂਗਣਵਾੜੀ ਤੇ ਆਸ਼ਾ ਵਰਕਰਾਂ ਦੇ ਮਾਨ ਭੱਤੇ ਵਿੱਚ ਵਾਧਾ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, ਜਵਾਨੀ ਦਾ ਘਾਣ ਕਰਦੇ ਨਸ਼ਿਆਂ ਦੇ ਧੰਦੇ ਤੇ ਪੂਰਨ ਰੋਕ ਲਾਈ ਜਾਵੇ, ਕਤਲਾਂ ਲੁੱਟਾਂ—ਖੋਹਾਂ, ਚੋਰੀਆਂ ਅਤੇ ਵਾਰਦਾਤਾਂ ਨੂੰ ਠੱਲ ਪਾਈ ਜਾਵੇ, ਮਹਿਗਾਈ ਤੇ ਰੋਕ ਲਾਉਣ ਲਈ ਜਖੀਰੇ ਬਾਜਾਂ ਨਾਲ ਕਰੜੇ ਹੱਥੀ ਨਿਪਟਿਆ ਜਾਵੇ, ਕਿਸਾਨੀ ਖਿੱਤੇ ਨੂੰ ਲਾਹੇਵੰਦ ਬਣਾਉਣ ਖਾਤਰ ਕਿਸਾਨੀ ਜਿਨਸਾਂ ਦੇ ਭਾਅ ਡਾਕਟਰ ਸੁਆਮੀ ਨਾਥਨ ਕਮਿਸ਼ਨ ਦੀਆਂ ਸਿਫਾਰਿਸ਼ਾਂ ਅਨੁਸਾਰ ਸਝਾਏ ਜਾਣ, ਕੰਮ ਦਿਹਾੜੀ ਅੱਠ ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਵਾਲਾ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ, ਚਾਰ ਕਿਰਤ ਕਾਨੂੰਨਾਂ ਨੂੰ ਰੱਦ ਕਰਕੇ ਕਿਰਤੀਆਂ ਦੇ ਹੱਕਾਂ ਦੀ ਰਾਖੀ ਕਰਦੇ 44 ਕਾਨੂੰਨ ਬਹਾਲ ਕੀਤੇ ਜਾਣ, ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫਿਰੋਜਪੁਰ ਤੇ ਆਰ.ਐਸ.ਡੀ ਕਾਲਜ ਫਿਰੋਜਪੁਰ ਦੇ ਸਟਾਫ ਦੀਆਂ ਬਕਾਇਆ ਤਨਖਾਹਾਂ ਜਲਦ ਰਿਲੀਜ ਕੀਤੀਆਂ ਜਾਣ ਆਦਿ ਮੰਗਾਂ ਦੀ ਪ੍ਰਾਪਤੀ ਲਈ ਨਾਹਰੇ ਮਾਰਦੇ ਹੋਏ ਰਣਬੀਰ ਸਿੰਘ ਭੁੱਲਰ ਐਮ.ਐਲ.ਏ ਫਿਰੋਜਪੁਰ ਸ਼ਹਿਰੀ ਤੇ ਰਜਨੀਸ਼ ਦਹੀਆਂ ਐਮ.ਐਲ.ਏ ਫਿਰੋਜ਼ਪੁਰ ਦਿਹਾਤੀ ਦੇ ਦਫ਼ਤਰਾਂ ਬਾਹਰ ਇਕੱਠੇ ਹੋ ਕੇ ਰੈਲੀ ਕਰਨ ਉਪਰੰਤ ਵਿਧਾਇਕਾਂ ਨੂੰ ਮੰਗ ਪੱਤਰ ਸੌਂਪੇ। ਇਸ ਰੈਲੀ ਵਿਚ ਰਾਧੇ ਮੋਹਨ, ਜੋਗਿੰਦਰ ਸਿੰਘ, ਇਕਬਾਲ ਸਿੰਘ, ਦਲਜੀਤ ਸਿੰਘ ਯਰੇਸ਼ਾਹ ਵਾਲਾ, ਕਸ਼ਮੀਰ ਸਿੰਘ, ਮੰਗਲ ਸਿੰਘ, ਸੁਖਦੇਵ ਸਿੰਘ, ਵਿਜੇ ਕੁਮਾਰ ਗੱਖੜ, ਪੰਨੂ ਰਾਮ, ਪਦਮ ਕੁਮਾਰ, ਗੁਰਪ੍ਰੀਤ ਸਿੰਘ, ਸਤਿੰਦਰਜੀਤ ਸਿੰਘ, ਅਮਨ ਕੁਮਾਰ, ਪੰਕਜ਼ ਤਲਵਾਰ, ਪਿਰਤ ਪਾਲ, ਸੁਰਿੰਦਰ ਸਿੰਘ, ਬੰਜਰੰਗੀ, ਦੇਸ ਰਾਜ, ਅਨਿਲ ਕੁਮਾਰ ਤੋਂ ਇਲਾਵਾ ਸੈਂਕੜੇ ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ, ਕਿਰਤੀਆਂ ਨੇ ਮੋਟਰਸਾਈਕਲ ਰੈਲੀ ਵਿੱਚ ਭਾਗ ਲਿਆ।

# ਕੋਟਸ਼ਮੀਰ ਵਿਖੇ ਸੁਣੀਆਂ ਆਮ ਲੋਕਾਂ ਦੀਆਂ ਨਿੱਜੀ ਤੇ ਸਾਂਝੀਆਂ ਸਮੱਸਿਆਵਾਂ

ਤਲਵੰਡੀ ਸਾਬੋ, 5 ਸਤੰਬਰ (ਗੁਰਜੰਟ ਸਿੰਘ ਨਥੇਹਾ)– ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਦੇ ਆਦੇਸ਼ਾਂ ਤੇ ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ ਅਗਵਾਈ ਹੇਠ ਹਫਤੇ ’ਚ ਦੋ ਦਿਨ ਜ਼ਿਲ੍ਹੇ ਭਰ ’ਚ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ “ਆਪ ਦੀ ਸਰਕਾਰ ਆਪ ਦੇ ਦੁਆਰ” ਤਹਿਤ ਵੱਖ-ਵੱਖ ਸਥਾਨਾਂ ’ਤੇ ਆਮ ਲੋਕਾਂ ਦੀ ਸਹੂਲਤ ਲਈ ਸਪੈਸ਼ਲ ਕੈਂਪ ਲਗਾਏ ਜਾ ਰਹੇ ਹਨ। “ਆਪ ਦੀ ਸਰਕਾਰ ਆਪ ਦੇ ਦੁਆਰ” ਮੁਹਿੰਮ ਤਹਿਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਇੱਕੋ ਹੀ ਛੱਤ ਹੇਠਾਂ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਿਰਫ਼ ਸੁਣਿਆ ਹੀ ਨਹੀਂ ਜਾਂਦਾ ਸਗੋਂ ਮੌਕੇ ਤੇ ਹੀ ਨਿਪਟਾਰਾ ਵੀ ਕੀਤਾ ਜਾਂਦਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ (ਜਨਰਲ) (ਵਾਧੂ ਚਾਰਜ) ਸ੍ਰੀ ਨਰਿੰਦਰ ਸਿੰਘ ਨੇ ਕੀਤਾ। ਇਸ ਮੌਕੇ ਸ੍ਰੀ ਨਰਿੰਦਰ ਸਿੰਘ ਨੇ ਕਿਹਾ ਕਿ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਹਲ ਲਈ ਲਗਾਏ ਜਾ ਰਹੇ ਸਪੈਸ਼ਲ ਕੈਂਪ ਲਾਹੇਵੰਦ ਸਾਬਿਤ ਹੋ ਰਹੇ ਹਨ। ਇਸ ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਉਨ੍ਹਾਂ ਦੇ ਦਰਾਂ ਨੇੜੇ ਸਪੈਸ਼ਲ ਕੈਂਪ ਲਗਾ ਕੇ ਉਨ੍ਹਾਂ ਦੀਆਂ ਸਾਂਝੀਆਂ, ਨਿੱਜੀ ਅਤੇ ਜਾਇਜ਼ ਸਮੱਸਿਆਵਾਂ ਦਾ ਮੌਕੇ ’ਤੇ ਹੀ ਨਿਪਟਾਰਾ ਕੀਤਾ ਜਾਂਦਾ ਹੈ। ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਕਿ ਕਿਸੇ ਵੀ ਲੋੜਵੰਦ ਲਾਭਪਾਤਰੀ ਨੂੰ ਸਰਕਾਰ ਵਲੋਂ ਮੁਹੱਈਆਂ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਤਰ੍ਹਾਂ ਦੀਆਂ ਸਹੂਲਤਾਂ ਤੋਂ ਵਾਂਝਾਂ ਨਹੀਂ ਰਹਿਣ ਦਿੱਤਾ ਜਾਵੇਗਾ। ਕੈਂਪ ਦੌਰਾਨ ਪਿੰਡ ਕੋਟਸ਼ਮੀਰ ਦੇ ਲੋਕ ਆਪਣੀਆਂ ਸਾਂਝੀਆਂ ’ਤੇ ਨਿੱਜੀ ਸਮੱਸਿਆਵਾਂ ਲੈ ਕੇ ਪਹੁੰਚੇ, ਜਿਨ੍ਹਾਂ ’ਚ ਮਾਲ ਵਿਭਾਗ ਤੋਂ ਇਲਾਵਾ ਮਗਨਰੇਗਾ, ਪੈਨਸ਼ਨਾਂ, ਛੱਪੜਾਂ ਤੇ ਗਲੀਆਂ-ਨਾਲੀਆਂ ਦੇ ਪਾਣੀ ਦੀ ਨਿਕਾਸੀ, ਪੀਣ ਵਾਲੇ ਪਾਣੀ, ਨਹਿਰੀ ਪਾਣੀ ਤੇ ਖਾਲੇ ਆਦਿ ਤੋਂ ਇਲਾਵਾ ਵਿਕਾਸ ਕਾਰਜਾਂ ਨਾਲ ਸਬੰਧਤ ਸਮੱਸਿਆਵਾਂ ਸਨ। ਇਨ੍ਹਾਂ ’ਚੋਂ ਬਹੁਤੀਆਂ ਸਮੱਸਿਆਵਾਂ ਦਾ ਨਿਪਟਾਰਾ ਮੌਕੇ ’ਤੇ ਹੀ ਕੀਤਾ ਗਿਆ ਤੇ ਰਹਿੰਦੀਆਂ ਸਮੱਸਿਆਵਾਂ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੋਂ ਇਲਾਵਾ ਪਿੰਡ ਕੋਟਸ਼ਮੀਰ ਦੇ ਲੋਕ ਆਦਿ ਹਾਜ਼ਰ ਸਨ।




# ਰੇਲਵੇ ਮੁਲਾਜ਼ਮ ਨਾਲ ਹੱਥੋਪਾਈ ਕਰਕੇ ਉਸਦਾ ਮੋਬਾਇਲ ਖੋਹਣ ਵਾਲੇ ਗਿਰੋਹ ਦਾ ਇੱਕ ਸਾਥੀ ਗ੍ਰਿਫਤਾਰ



**ਫ਼ਿਰੋਜ਼ਪੁਰ, (ਸੁਖਮੰਦਰ ਸਿੰਘ ਸ਼ਾਤ)** -ਮਿਤੀ 06/07-07-2024 ਦੀ ਦਰਮਿਆਨੀ ਰਾਤ ਨੂੰ 3 ਅਣਪਛਾਤੇ ਵਿਅਕਤੀਆਂ ਵਲੋਂ ਰੇਲਵੇ ਸਟੇਸ਼ਨ ਫ਼ਿਰੋਜ਼ਪੁਰ ਦੇ ਨਜ਼ਦੀਕ ਰੇਲਵੇ ਮੁਲਾਜ਼ਮ ਤੇ ਹਮਲਾ ਕਰਕੇ, ਸੱਟ ਮਾਰ ਕੇ ਉਸ ਪਾਸੋਂ ਮੋਬਾਈਲ ਫੋਨ, ਅਤੇ ਸਰਕਾਰੀ ਟੂਲ ਕਿੱਟ ਖੋਹ ਕੇ ਫਰਾਰ ਹੋ ਗਏ ਸਨ ਅਤੇ ਉਨ੍ਹਾਂ ਜਿਨ੍ਹਾਂ ਖਿਲਾਫ ਮੁਕੱਦਮਾ ਥਾਣਾ ਰੇਲਵੇ ਪੁਲਸ ਫ਼ਿਰੋਜ਼ਪੁਰ ਦਰਜ ਕੀਤਾ ਗਿਆ ਸੀ, ਜੋ ਮਿਤੀ 04-ਜਤਿੰਦਰ ਸਿੰਘ 1117 ਵਲੋਂ ਸਾਥੀ ਮੁਲਾਜ਼ਮਾਂ ਦੀ ਮਦਦ ਨਾਲ ਮੁਕੱਦਮਾ ਨੰ: ਥਾਣਾ ਰੇਲਵੇ ਪੁਲਸ ਫ਼ਿਰੋਜ਼ਪੁਰ ਵਿੱਚ ਲੋੜੀਂਦੇ ਦੋਸ਼ੀ ਰਾਹੁਲ ਪੁੱਤਰ ਜੋਗਿੰਦਰ ਸਿੰਘ ਵਾਸੀ ਗੱਜਣ ਸਿੰਘ ਵਾਲਾ, ਆਲੇ ਵਾਲਾ ਸਤੀਏ ਵਾਲਾ ਥਾਣਾ ਕੁਲਗੜੀ ਜ਼ਿਲਾ ਫ਼ਿਰੋਜ਼ਪੁਰ ਨੂੰ ਹਸਬ ਜ਼ਾਬਤਾ ਗਿਰਫਤਾਰ ਕਰਕੇ ਪੁੱਛ ਗਿੱਛ ਕੀਤੀ ਗਈ, ਜਿਸਨੇ ਪੁੱਛ ਗਿੱਛ ਦੋਰਾਨ ਅਪਣੇ ਦੋ ਹੋਰ ਸਾਥੀਆਂ ਤਰੁਣ ਕੁਮਾਰ ਉਰਫ ਬਾਦਲ ਅਤੇ ਸ਼ੁਭਮ ਦਾ ਵਾਰਦਾਤ ਵਿਚ ਨਾਲ ਹੋਣਾ ਦੱਸਿਆ।ਜਿਸਦੇ ਦੱਸਣ ਮੁਤਾਬਿਕ ਉਕਤ ਮੁਲਜ਼ਮਾਂ ਨੂੰ ਮੁਕੱਦਮਾ ਉਕਤ ਵਿਚ ਨਾਮਜ਼ਦ ਕੀਤਾ ਗਿਆ ਹੈ। ਦੋਸ਼ੀ ਅਤੇ ਉਸਦੇ ਸਾਥੀਆਂ ਵੱਲੋਂ ਖੋਹਿਆ ਹੋਇਆ ਮੋਬਾਈਲ ਫੋਨ ਬਰਾਮਦ ਕਰ ਲਿਆ ਗਿਆ ਹੈ।ਦੋਸ਼ੀ ਉਕਤ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰਕੇ ਬੰਦ ਜੁਡੀਸੀਅਲ ਜੇਲ ਫ਼ਿਰੋਜ਼ਪੁਰ ਕਰਾਇਆ ਗਿਆ।

## ਅਦਾਕਾਰਾ ਕੰਗਨਾ ਰਣੌਤ ਨੇ ਪੂਰੇ ਦੇਸ ਵਿੱਚ ਭਾਜਪਾ ਦੇ ਅਕਸ ਨੂੰ ਢਾਹ ਲਾਈ ਪੰਜਾਬ ਅਤੇ ਹਰਿਆਣਾ ਵਿੱਚ ਭਾਜਪਾ ਦਾ ਹੋਇਆ ਵੱਡਾ ਨੁਕਸਾਨ ਪਾਰਟੀ ਨੂੰ ਲੈਣਾ ਚਾਹੀਦਾ ਸਖ਼ਤ ਐਕਸ਼ਨ - ਸਿੱਧੂ



**ਬਰਨਾਲਾ ( ਰਣਜੀਤ ਸਿੰਘ ਪੇਧਨੀ )** -ਸਮਝ ਨਹੀਂ ਆ ਰਹੀ ਕੇ ਅਦਾਕਾਰਾ ਕੰਗਨਾ ਰਣੌਤ ਭਾਜਪਾ ਦੀ ਜੁੰਮੇਵਾਰ ਲੀਡਰ ਹੈ ਜਾ ਫਿਰ ਕਾਂਗਰਸੀ ਕਿਉਕਿ ਜੋਂ ਕੁੱਝ ਕੰਗਣਾ ਕਰ ਰਹੀ ਹੈ ਉਸ ਨਾਲ ਕਾਗਰਸ ਨੂੰ ਸਿੱਧਾ ਫਾਇਦਾ ਹੋਵੇਗਾ ਅਤੇ ਭਾਜਪਾ ਦਾ ਨੁਕਸਾਨ ਹੋਵੇਗਾ ਪੰਜਾਬ ਵਿੱਚ ਜਿੰਨਾ ਹੀ ਪਾਰਟੀ ਦਾ ਅਕਸ ਅਸੀਂ ਉਪਰ ਲਿਜਾਣ ਦੀ ਕੋਸ਼ਿਸ਼ ਕਰਦੇ ਹਾਂ ਇਹੋ ਜਿਹੇ ਗੈਰ ਜੁੰਮੇਵਾਰ ਲੀਡਰਾਂ ਦੀ ਵਜਾਹ ਕਾਰਣ ਬਹੁਤ ਨੁਕਸਾਨ ਹੋ ਜਾਂਦਾ ਹੈ ਇਹ ਵਿਚਾਰ ਭਾਜਪਾ ਦੇ ਹਲਕਾ ਭਦੌੜ ਦੇ ਇੰਚਾਰਜ ਅਤੇ ਸੈਨਿਕ ਸੈੱਲ ਦੇ ਸੂਬਾ ਕੋ ਕਨਵੀਨਰ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਇਕ ਪ੍ਰੈਸ ਨੋਟ ਜਾਰੀ ਕਰਦਿਆਂ ਪ੍ਰਗਟ ਕੀਤੇ ਉਹਨਾਂ ਕਿਹਾ ਕੰਗਨਾ ਦੀ ਫਿਲਮ ਐਮਰਜੈਂਸੀ ਜੇਕਰ ਚਲਾਈ ਜਾਦੀ ਹੈ ਤਾਂ ਦੇਸ ਵਿੱਚ ਵੱਡੇ ਦੰਗੇ ਭੜਕ ਸਕਦੇ ਹਨ ਅਤੇ ਦੇਸ ਦੀ ਏਕਤਾ ਅਤੇ ਅਖੰਡਤਾ ਨੂੰ ਵੱਡਾ ਖਤਰਾ ਪੈਦਾ ਹੋ ਸਕਦਾ ਹੈ ਕੰਗਣਾ ਸਾਇਦ ਪੰਜਾਬ ਨੇ ਜੋਂ ਅੱਤਵਾਦ ਵੇਲੇ ਸੰਤਾਪ ਹੰਢਾਇਆ ਹੈ ਉਸ ਤੋਂ ਸਾਇਦ ਕੰਗਣਾ ਵਾਕਿਫ਼ ਨਹੀਂ ਹਜ਼ਾਰਾ ਦੀ ਗਿਣਤੀ ਵਿੱਚ ਬੇਦੋਸੇ ਹਿੰਦੂ ਸਿੱਖ ਮਾਰੇ ਗਏ ਅਤੇ ਸਾਮ 5 ਵਜੇ ਤੋਂ ਬਾਦ ਲੋਕ ਘਰਾਂ ਵਿੱਚ ਬੜ ਜਾਦੇ ਸਨ ਦਹਿਸ਼ਤ ਦਾ ਮਾਹੌਲ ਸੀ ਪੰਜਾਬ ਉਹ ਕਾਲੇ ਦਿਨਾਂ ਨੂੰ ਯਾਦ ਕਰਨ ਲਈ ਬਿਲਕੁਲ ਭੀ ਤਿਆਰ ਨਹੀਂ। ਜਿਨ੍ਹਾਂ ਸੌਖੀ ਤਰਾ ਕੰਗਣਾ ਸਿੱਖਾ ਨੂੰ ਖਾਲਿਸਤਾਨੀ ਕਹਿ ਦਿੰਦੀ ਹੈ ਇਹ ਬਹੁਤ ਹੀ ਨਿੰਦਣਯੋਗ ਹੈ ਸਾਇਦ ਉਸ ਨੂੰ ਪਤਾ ਨਹੀਂ ਕਿ ਦੇਸ ਦੀ ਅਜਾਦੀ ਵਿੱਚ ਸਿੱਖ ਕੌਮ ਨੇ ਵੱਡੀ ਭੂਮਿਕਾ ਨਿਭਾਈ ਹੈ ਜੇਕਰ ਕਾਲੇ ਪਾਣੀ ਦੀ ਸੈਲੂਲਰ ਜੇਲ੍ਹ ਵਿੱਚ ਕਦੇ ਗਈ ਹੋਵੇ ਉਥੇ ਸ਼ਹੀਦਾ ਦੀ ਗੈਲਰੀ ਵਿੱਚ 60 ਫੀਸਦੀ ਸ਼ਹੀਦ ਇਕੱਲੇ ਪੰਜਾਬ ਦੇ ਸਿੱਖ ਹਨ । ਜੇਕਰ ਸਰਕਾਰ 1947 ਵਿੱਚ ਸਿੱਖ ਰੈਜੀਮੈਂਟ ਨੂੰ ਏਅਰ ਲਿਫਟ ਕਰਕੇ ਜੰਮੂ ਕਸ਼ਮੀਰ ਦੇ ਵਾਡਰਾ ਤੇ ਨਾ ਲਾਉਂਦੀ ਤਾਂ ਅੱਜ ਜੰਮੂ ਕਸ਼ਮੀਰ ਭਾਰਤ ਦੇ ਨਕਸ਼ੇ ਤੇ ਨਹੀਂ ਸੀ ਹੋਣਾ ਸਮੁੱਚਾ ਫੋਜੀ ਵਰਗ ਉਹਨਾਂ ਦੇ ਇਸ ਵਰਤਾਰੇ ਦੀ ਸਖ਼ਤ ਸਬਦਾ ਵਿੱਚ ਨਿੰਦਾ ਕਰਦਾ ਹੈ ਅਤੇ ਕੇਦਰ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦੀ ਹਾਈ ਕਮਾਂਡ ਤੋ ਪੁਰਜੋਰ ਮੰਗ ਕਰਦੇ ਹਾਂ ਕਿ ਕੰਗਣਾ ਦੀ ਫਿਲਮ ਤੇ ਪੱਕੇ ਤੌਰ ਤੇ ਪਾਬੰਦੀ ਲਗਾਈ ਜਾਵੇ ਅਤੇ ਅਦਾਕਾਰਾ ਕੰਗਣਾ ਰਣੌਤ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਕੈਪਟਨ ਵਿਕਰਮ ਸਿੰਘ ਸੂਬੇਦਾਰ ਮੇਜਰ ਰਾਜ ਸਿੰਘ ਸੂਬੇਦਾਰ ਕਮਲਜੀਤ ਸ਼ਰਮਾ ਵਾਰੰਟ ਅਫ਼ਸਰ ਬਲਵਿੰਦਰ ਸਿੰਘ ਢੀਂਡਸਾ ਅਵਤਾਰ ਸਿੰਘ ਸੂਬੇਦਾਰ ਜਗਸੀਰ ਸਿੰਘ ਸੂਬੇਦਾਰ ਧੰਨਾ ਸਿੰਘ ਸੂਬੇਦਾਰ ਸੌਦਾਗਰ ਸਿੰਘ ਕੈਪਟਨ ਪਰਮਜੀਤ ਸਿੰਘ ਹੌਲਦਾਰ ਬਲਦੇਵ ਸਿੰਘ ਬਸੰਤ ਸਿੰਘ ਉਗੋ ਰੂਪ ਸਿੰਘ ਮਹਿਤਾ ਵਾਰੰਟ ਅਫ਼ਸਰ ਸਮਸ਼ੇਰ ਸਿੰਘ ਸੇਖੋਂ ਹੌਲਦਾਰ ਦਵਿੰਦਰ ਸਿੰਘ ਅਤੇ ਹੋਏ ਬਹੁਤ ਸਾਰੇ ਸਾਬਕਾ ਸੈਨਿਕ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਜੁੱਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼, ਅਤੇ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਗ੍ਰੰਥੀ ਸਿੰਘ ਸਥਾਪਨਾ ਦਿਵਸ

# ਮਹਾਨ ਗੁਰਮਤਿ ਸਮਾਗਮ ਕਥਾ ਅਤੇ ਕੀਰਤਨ ਦਰਬਾਰ ਕਰਵਾਇਆ ਗਿਆ






**ਮੋਗਾ, 5 ਸਤੰਬਰ (ਸੁਖਮੰਦਰ ਸਿੰਘ ਸ਼ਾਤ )**-ਗੁਰਮਤਿ ਰਾਗੀ ਗ੍ਰੰਥੀ ਸਭਾ( ਰਜਿ: ਨੰ77) ਪੰਜਾਬ ਮੋਗਾ ਸ਼ਹਿਰ ਅਤੇ ਪ੍ਰਬੰਧਕ ਕਮੇਟੀ ਗੁ: ਸ਼੍ਰੀ ਨਾਮਦੇਵ ਭਵਨ , ਅਕਾਲਸਰ ਰੋਡ ਮੋਗਾ ਵਿਖੇ ਸਮੂਹ ਧਾਰਮਿਕ ਜਥੇਬੰਦੀਆਂ ਸੇਵਾ ਸੁਸਾਇਟੀਆਂ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 4 ਸਤੰਬਰ 2024, ਦਿਨ ਬੁੱਧਵਾਰ ਨੂੰ, ਸਮਾਂ: ਸ਼ਾਮ 6:30 ਤੋਂ ਰਾਤ 10:30 ਵਜੇ ਤੱਕ ਕਰਵਾਇਆ ਗਿਆ, ਜਿਸ ਵਿੱਚ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਕੀਤੇ ਗਏ ,ਕੀਰਤਨ ਦੀ ਅਰੰਭਤਾ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਸ੍ਰੀ ਨਾਮਦੇਵ ਭਵਨ ਦੀਆਂ ਬੀਬੀਆਂ ਵਲੋਂ ਕੀਤੀ ਗਈ, ਉਪਰੰਤ, ਰਾਗੀ ਤਜਿੰਦਰ ਸਿੰਘ ਢੁੱਡੀਕੇ, ਰਾਗੀ ਸੁਖਦੇਵ ਸਿੰਘ ਕੋਟਕਪੂਰਾ ,ਰਾਗੀ ਲਖਵਿੰਦਰ ਸਿੰਘ ਪ੍ਰੀਤ ਨਗਰ ,ਰਾਗੀ ਹਰਜੀਤ ਸਿੰਘ ਪ੍ਰਭਜੋਦ ਸਿੰਘ ਰੱਬ ਨਗਰ, ਰਾਗੀ ਪ੍ਰਿਤਪਾਲ ਸਿੰਘ ਭਾਈ ਸਤਨਾਮ ਸਿੰਘ ਮੋਗਾ ,ਰਾਗੀ ਗੁਰਬਚਨ ਸਿੰਘ ਮੋਗਾ,ਰਾਗੀ ਮਨਜੀਤ ਸਿੰਘ ਮੋਗਾ, ਰਾਗੀ ਸੁਖਦੇਵ ਸਿੰਘ ਬਿੱਟੂ, ਰਾਗੀ ਬਲਬੀਰ ਸਿੰਘ ਹਰਦੀਪ ਸਿੰਘ ਗੁਰਦੀਪ ਸਿੰਘ ਮੋਗਾ, ਰਾਗੀ ਰਛਪਾਲ ਸਿੰਘ ਮੋਗਾ ਰਾਗੀ ਜਗੀਰ ਸਿੰਘ ਅਜ਼ਾਦ, ਰਾਗੀ ਗੁਰਪ੍ਰੇਮ ਸਿੰਘ ਲੱਖਾ ਰੋਡੇ, ਰਾਗੀ ਸਤਨਾਮ ਸਿੰਘ ਬੁੱਕਣ ਵਾਲਾ, ਗਿਆਨੀ ਕਰਮਜੀਤ ਸਿੰਘ ਦੁੱਨੇਕੇ, ਰਾਗੀ ਹਰਦੀਪ ਸਿੰਘ ਜਿੰਦੂ, ਰਾਗੀ ਗੁਰਸੇਵਕ ਸਿੰਘ ਬਾਬਾ ਮੱਲ ਸਿੰਘ, ਰਾਗੀ ਭਾਈ ਸੋਹਣ ਸਿੰਘ ਖਾਲਸਾ ਸਾਥੀ ਭਾਈ ਸ਼ਿੰਦਰ ਸਿੰਘ , ਭਾਈ ਗੁਰਪ੍ਰੀਤ ਸਿੰਘ ਪ੍ਰੀਤ ਮੋਗੇ ਵਾਲੇ ,ਕਥਾ ਵਿਚਾਰ ਗਿ: ਪਰਮਿੰਦਰ ਸਿੰਘ ਖਾਲਸਾ ਸ਼੍ਰੀ ਅਨੰਦਪੁਰ ਸਾਹਿਬ , ਇਹਨਾਂ ਸਾਰਿਆ ਜਥਿਆਂ ਨੇ ਗੁਰਬਾਣੀ ਕਥਾ ਕੀਰਤਨ ,ਸੁਣਾ ਕੇ ਆਈਆਂ ਸਮੂਹ ਸੰਗਤਾਂ ਨੂੰ ਨਿਹਾਲ ਕੀਤਾ, ਇਸ ਸਮੇਂ ਹਾਜ਼ਰ, ਗੁਰਮਤਿ ਰਾਗੀ ਗ੍ਰੰਥੀ ਸਭਾ ਰਜਿ ਪੰਜਾਬ ਮੋਗਾ ਸ਼ਹਿਰ ਦੇ ਸ਼ਹਿਰੀ ਪ੍ਰਧਾਨ ਰਾਗੀ ਭਾਈ ਸੋਹਣ ਸਿੰਘ ਖਾਲਸਾ ਮੋਗੇ ਵਾਲੇ, ਚੇਅਰਮੈਨ ਭਾਈ ਮਨਜੀਤ ਸਿੰਘ ਟੀਚਰ ਕਾਲੋਨੀ, ਮੀਤ ਪ੍ਰਧਾਨ ਭਾਈ ਰਣਵੀਰ ਸਿੰਘ ਖੋਸਾ, ਸੀਨੀਅਰ ਮੀਤ ਪ੍ਰਧਾਨ ਭਾਈ ਕਰਮਜੀਤ ਸਿੰਘ ਦੁੱਨੇਕੇ, ਵਾਇਸ ਸੀਨੀਅਰ ਮੀਤ ਪ੍ਰਧਾਨ ਭਾਈ ਸਤਨਾਮ ਸਿੰਘ ਬੁੱਕਣ ਵਾਲਾ, ਮੁੱਖ ਸਲਾਹਕਾਰ ਭਾਈ ਕਰਮਜੀਤ ਸਿੰਘ ਰੋਡੇ, ਮੁੱਖ ਬੁਲਾਰਾ ਭਾਈ ਹਰਜੀਤ ਸਿੰਘ, ਦਫ਼ਤਰ ਸਕੱਤਰ ਭਾਈ ਸੁਖਦਰਸ਼ਨ ਸਿੰਘ ਸੋਢੀ ਨਗਰ, ਵਾਇਸ ਚੇਅਰਮੈਨ ਭਾਈ ਲਖਵਿੰਦਰ ਸਿੰਘ, ਜਰਨਲ ਸਕੱਤਰ ਭਾਈ ਗੁਰਬਚਨ ਸਿੰਘ ਦੋਸਾਂਝ ਰੋਡ, ਵਾਇਸ ਜਰਨਲ ਸਕੱਤਰ ਭਾਈ ਰਛਪਾਲ ਸਿੰਘ ਰਾਮ ਗੰਜ, ਪ੍ਰਚਾਰਕ ਸਕੱਤਰ ਭਾਈ ਗੁਰਪ੍ਰੀਤ ਸਿੰਘ ਪ੍ਰੀਤ ਮੋਗੇ ਵਾਲੇ, ਵਾਇਸ ਪ੍ਰੈਸ ਸਕੱਤਰ ਭਾਈ ਉਂਕਾਰ ਸਿੰਘ, ਮੈਂਬਰ ਭਾਈ ਪ੍ਰਿਤਪਾਲ ਸਿੰਘ ਮੋਗਾ, ਮੈਂਬਰ ਭਾਈ ਸੁਖਦੇਵ ਸਿੰਘ ਬਿੱਟੂ, ਮੈਂਬਰ ਭਾਈ ਬਲਵੀਰ ਸਿੰਘ, ਪ੍ਰੈਸ ਸਕੱਤਰ ਭਾਈ ਬਲਵੀਰ ਸਿੰਘ ਪਾਂਧੀ, ਖਜ਼ਾਨਚੀ ਭਾਈ ਹਰਦੀਪ ਸਿੰਘ ਜਿੰਦੂ, ਗੁਰਦੁਆਰਾ ਸ੍ਰੀ ਨਾਮਦੇਵ ਭਵਨ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਗੁਰਪ੍ਰੀਤ ਸਿੰਘ ਕੰਬੋ, ਭਾਈ ਅਵਤਾਰ ਸਿੰਘ ਵਹਿਣੀਵਾਲ ਚੇਅਰਮੈਨ, ਸੀਨੀਅਰ ਮੀਤ ਪ੍ਰਧਾਨ ਭਾਈ ਸਰੂਪ ਸਿੰਘ, ਭਾਈ ਅਵਤਾਰ ਸਿੰਘ ਸੱਪਲ ਮੀਤ ਪ੍ਰਧਾਨ, ਜਰਨਲ ਸਕੱਤਰ ਭਾਈ ਕੁਲਵੰਤ ਸਿੰਘ ਪੁਰਬਾ, ਹਰਪ੍ਰੀਤ ਸਿੰਘ ਨਿੱਝਰ ਖਜ਼ਾਨਚੀ, ਪ੍ਰਿੰਸੀਪਲ ਅਵਤਾਰ ਸਿੰਘ ਕਰੀਰ ਮੈਂਬਰ, ਲਖਵੀਰ ਸਿੰਘ ਬਾਬਾ, ਮਹਿੰਦਰ ਸਿੰਘ ਮਿੰਦੀ, ਭਾਈ ਸੁਖਦੇਵ ਸਿੰਘ ਪੁਰਬਾ, ਕਮਲਜੀਤ ਸਿੰਘ ਬਿੱਟੂ, ਮਿੱਟੂ, ਗੁਰਵਿੰਦਰ ਸਿੰਘ, ਬਾਬਾ ਭੋਲਾ ਸਿੰਘ ਬੱਡੂਵਾਲ, ਗੁਰਚਰਨ ਸਿੰਘ ਰਾਏ ਐਸ ਡੀ ਓ, ਅਤੇ ਹੋਰ, ਮੇਅਰ ਬਲਜੀਤ ਸਿੰਘ ਚਾਨੀ ਨਗਰ ਨਿਗਮ ਮੋਗਾ, ਡਿਪਟੀ ਮੇਅਰ ਅਸ਼ੋਕ ਧਮੀਜਾ, ਰਕੇਸ਼ ਬਜਾਜ, ਪ੍ਰਧਾਨ ਭਾਈ ਬਲਜੀਤ ਸਿੰਘ ਖਾਲਸਾ ਸਿੱਖ ਪੰਥ ਏਕਤਾ ਮੋਗਾ, ਪ੍ਰਧਾਨ ਰਾਜਾ ਸਿੰਘ ਭਾਰਤ ਵਾਲੇ, ਪ੍ਰਧਾਨ ਹਰਮੇਲ ਸਿੰਘ ਡਰੋਲੀ, ਬਲਦੇਵ ਸਿੰਘ ਸੈਂਬੀ, ਪ੍ਰਧਾਨ ਪਰਮਜੋਤ ਸਿੰਘ ਖਾਲਸਾ ਸੇਵਾ ਸੁਸਾਇਟੀ, ਗੁਰਮੁਖ ਸਿੰਘ ਖਾਲਸਾ, ਹਰਪਾਲ ਸਿੰਘ ਗਿੱਲ, ਬਲਵਿੰਦਰ ਸਿੰਘ ਖ਼ੂਹ ਵਾਲੇ, ਪਰਮਜੀਤ ਸਿੰਘ ਪੰਮਾ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ, ਚੇਅਰਮੈਨ ਕੁਲਵੰਤ ਸਿੰਘ ਰਾਮਗੜ੍ਹੀਆ, ਬਲਜਿੰਦਰ ਸਿੰਘ ਸਹਿਗਲ, ਬਲਜੀਤ ਸਿੰਘ ਲੋਕਲ ਗੁਰਪੁਰਬ ਕਮੇਟੀ, ਗੁਰਜੰਟ ਸਿੰਘ ਪ੍ਰਧਾਨ ਨਾਮਦੇਵ ਲੰਗਰ ਕਮੇਟੀ, ਕੁਲਵਿੰਦਰ ਸਿੰਘ ਸਪੋਕਸਮੈਨ ਗੁਰਮਤਿ ਪ੍ਰਚਾਰ ਕਮੇਟੀ, ਮਨੋਹਰ ਪੋਪਲੀ, ਚੰਚਲ ਪੋਪਲੀ, ਭਾਈ ਕਲਿਆਣਾ ਜੀ ਗ੍ਰੰਥੀ ਸਭਾ, ਰੱਬ ਜੀ ਟਰੱਸਟ, ਸੰਤ ਬਾਬਾ ਮਹਿੰਦਰ ਸਿੰਘ ਜਨੇਰ ਟਕਸਾਲ, ਭਾਈ ਘਨ੍ਹਈਆ ਜੀ ਜਲ ਸੇਵਾ ਸੁਸਾਇਟੀ, ਪ੍ਰਧਾਨ ਹਰਵਿੰਦਰ ਸਿੰਘ ਗੁ :ਬਾਬਾ ਕਿਸ਼ਨ ਸਿੰਘ, ਜੋੜਿਆਂ ਦੀ ਸੇਵਾ ਖਾਲਸਾ ਸੇਵਾ ਸੁਸਾਇਟੀ, ਜਗਦੀਸ਼ ਛਾਬੜਾ, ਇੰਦਰਜੀਤ ਸਿੰਘ ਸਟਾਰ ਰੇਡੀਓ, ਚਰਨਜੀਤ ਸਿੰਘ ਝੰਡੇਆਣਾ, ਇੱਕਬਾਲ ਸਿੰਘ ਪੁਰਬਾ, ਚਰਨਜੀਤ ਸਿੰਘ ਬੱਸੀਆਂ, ਸ਼੍ਰੋਮਣੀ ਰਾਗੀ ਗ੍ਰੰਥੀ ਸਭਾ ਦੇ ਪ੍ਰਧਾਨ ਇੱਕਬਾਲ ਸਿੰਘ ਬੁੱਟਰ, ਜ਼ਿਲ੍ਹਾ ਪ੍ਰਧਾਨ ਗਿਆਨੀ ਸੁਖਵੰਤ ਸਿੰਘ, ਪ੍ਰੈਸ ਸਕੱਤਰ ਭਾਈ ਹਰਜਿੰਦਰ ਸਿੰਘ ਬੱਡੂਵਾਲੀਆ, ਬਲਵੀਰ ਸਿੰਘ ਰਾਮੂੰਵਾਲੀਆ,ਡਾ: ਪ੍ਰਦੀਪ ਸਿੰਘ, ਜਗਦੇਵ ਸਿੰਘ ਸੁਖਮਨੀ ਸਾਹਿਬ ਸੁਸਾਇਟੀ ਦੇ ਪ੍ਰਧਾਨ, ਗੁਰਪ੍ਰੀਤ ਸਿੰਘ ਜੱਸਲ ਪ੍ਰੀਤ ਮੋਟਰ, ਭਾਈ ਗੁਰਜੰਟ ਸਿੰਘ ਗੁਰੂ ਮੋਗੇ ਵਾਲੇ, ਬਾਬਾ ਮੁਖਤਿਆਰ ਸਿੰਘ, ਅਮਰੀਕਾ ਤੋਂ ਫੋਨ ਰਾਹੀਂ ਹਾਜ਼ਰੀ ਲੁਆਈ ਭਾਈ ਕੁਲਦੀਪ ਸਿੰਘ ਬੱਸੀਆਂ ਜੀ, ਸਟੇਜ ਦੀ ਸੇਵਾ ਕੀਤੀ ਭਾਈ ਪਰਮਵੀਰ ਸਿੰਘ ਕਲਸੀ ਅਜ਼ਾਦ ਵੈਲਫੇਅਰ ਸੁਸਾਇਟੀ ਪ੍ਰਧਾਨ ਜਗਰੂਪ ਸਿੰਘ ਕਲਸੀ, ਅਤੇ ਮੋਗਾ ਸ਼ਹਿਰ ਦੀਆਂ ਸਮੂਹ ਸਿੱਖ ਸੰਗਤਾਂ ਧਾਰਮਿਕ ਜਥੇਬੰਦੀਆਂ ਸਭਾ ਸੁਸਾਇਟੀਆਂ ਹਾਜ਼ਰੀ ਲੁਆਈਆਂ,ਗੁਰਮਤਿ ਰਾਗੀ ਗ੍ਰੰਥੀ ਸਭਾ ਰਜਿ ਪੰਜਾਬ, ਗੁਰਦੁਆਰਾ ਸ੍ਰੀ ਨਾਮਦੇਵ ਭਵਨ ਦੀ ਪ੍ਰਬੰਧਕ ਕਮੇਟੀ, ਮੋਗਾ ਸ਼ਹਿਰ ਦੇ ਰਾਗੀ ਸਿੰਘ ਗ੍ਰੰਥੀ ਸਿੰਘ ਕਥਾਵਾਚਕ ਸਿੰਘ, ਇਸ ਦੀ ਜਾਣਕਾਰੀ ਪ੍ਰੈਸ ਸਕੱਤਰ ਭਾਈ ਬਲਵੀਰ ਸਿੰਘ ਪਾਂਧੀ ਜੀ ਨੇ ਦਿੱਤੀ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਹਠੂਰ ਦੇ ਸੱਤਿਆ ਐਲੀਮੈਂਟਰੀ ਸਕੂਲ ਵਿੱਚ ਮਨਾਇਆ ਅਧਿਆਪਕ ਦਿਵਸ

## ਟੀਚਰ ਬੱਚਿਆਂ ਨੂੰ ਚੰਗੀ ਵਿੱਦਿਆ ਅਤੇ ਅੱਛੇ ਸੰਸਕਾਰ ਦੇ ਕੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਦੇ ਹਨ : ਹੈਡ ਟੀਚਰ ਮੈਡਮ ਸੀਮਾ ਰਾਣੀ





**ਹਠੂਰ/ਜਗਰਾਉਂ -(ਵਰਿਆਮ ਹਠੂਰ)**-ਇਤਿਹਾਸਕ ਕਸਬਾ ਹਠੂਰ ਦੇ ਸੱਤਿਆ ਐਲੀਮੈਂਟਰੀ ਸਕੂਲ ਵਿੱਚ ਅਧਿਆਪਕ ਦਿਵਸ ਮਨਾਇਆ ਗਿਆ, ਅਧਿਆਪਕ ਦਿਵਸ ਨੂੰ ਸਕੂਲ ਦੇ ਬੱਚਿਆਂ ਅਤੇ ਅਧਿਆਪਕਾ ਨੇ ਰਲ ਮਿਲ ਕੇ ਮਨਾਇਆ, ਸਕੂਲ ਦੇ ਬੱਚਿਆਂ ਨੇ ਅਧਿਆਪਕ ਦਿਵਸ ਸਬੰਧੀ ਪ੍ਰੋਗਰਾਮ ਤਿਆਰ ਕਰਕੇ ਪੇਸ਼ ਕੀਤਾ, ਤੇ ਅਧਿਆਪਕ ਦਿਵਸ ਨਾਲ ਸਬੰਧਤ ਵੱਖ ਵੱਖ ਤਰ੍ਹਾਂ ਦੇ ਸੁੰਦਰ ਕਾਰਡ ਤਿਆਰ ਕਰਕੇ ਆਪੋ ਆਪਣੇ ਅਧਿਆਪਕਾਂ ਨੂੰ ਦਿੱਤੇ ਅਤੇ ਅਧਿਆਪਕ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ, ਇਸ ਮੌਕੇ ਟੀਚਰਾਂ ਵੱਲੋਂ ਕੇਕ ਵੀ ਕੱਟਿਆ ਗਿਆ, ਅਤੇ ਹੈੱਡ ਟੀਚਰ ਮੈਡਮ ਸੀਮਾ ਰਾਣੀ ਨੇ ਬੱਚਿਆਂ ਨੂੰ ਅਧਿਆਪਕ ਦਿਵਸ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ, ਭਾਰਤੀ ਏਅਰਟੈੱਲ ਫਾਊਂਡੇਸ਼ਨ ਵੱਲੋਂ ਡਾਕਟਰ ਏ.ਪੀ. ਜੀ ਅਬਦੁਲ ਕਲਾਮ ਦੁਆਰਾ ਦਿੱਤੀ ਗਈ ਟੀਚਰਾਂ ਨੂੰ ਸਪਥ ਵੀ ਚੁਕਾਈ, ਗੱਲਬਾਤ ਕਰਦਿਆਂ ਹੈੱਡ ਟੀਚਰ ਮੈਡਮ ਸੀਮਾ ਰਾਣੀ ਨੇ ਕਿਹਾ ਕਿ ਅਧਿਆਪਕ ਦਿਵਸ ਹਰ ਸਾਲ 5 ਸਤੰਬਰ ਵਾਲੇ ਦਿਨ ਮਨਾਇਆ ਜਾਂਦਾ ਹੈ ਇਸ ਦਾ ਮੁੱਖ ਮਕਸਦ ਦੇਸ਼ ਦੇ ਪਹਿਲੇ ਉੱਪ ਰਾਸ਼ਟਰਪਤੀ ਡਾ: ਸਰਵਪੱਲੀ ਰਾਧਾਕ੍ਰਿਸ਼ਨਨ ਨੂੰ ਯਾਦ ਕਰਨਾ ਹੈ। ਤੇ ਆਪਣੇ ਅਧਿਆਪਕਾਂ ਪ੍ਰਤੀ ਪ੍ਰੇਮ ਪਿਆਰ ਸਤਿਕਾਰ ਦੀ ਭਾਵਨਾ ਦਿਖਾਉਣ ਲਈ ਵੀ ਜਾਗਰੂਕ ਕਰਨਾ ਹੈ। ਮੈਡਮ ਸੀਮਾ ਰਾਣੀ ਨੇ ਅੱਗੇ ਕਿਹਾ ਕਿ ਅਧਿਆਪਕ ਪੂਰੇ ਦਿਲ ਤੋਂ ਬੱਚਿਆਂ ਨੂੰ ਚੰਗੀ ਵਿੱਦਿਆ ਅਤੇ ਅੱਛੇ ਸੰਸਕਾਰ ਦੇ ਕੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਦੇ ਹਨ। ਜੇ ਗੱਲ ਕਰੀਏ ਤਾਂ ਅਧਿਆਪਕ ਸੜਕ ਵਾਂਗਰਾਂ ਹੁੰਦਾ ਹੈ ਜੋ ਆਪ ਤਾਂ ਉਸੇ ਜਗ੍ਹਾ ਰਹਿੰਦਾ ਹੈ ਤੇ ਆਪਣੇ ਸਟੂਡੈਂਟਸ ਨੂੰ ਮੰਜ਼ਿਲ ਤੱਕ ਪਹੁੰਚਣ ਲਈ ਅਹਿਮ ਰੋਲ ਅਦਾ ਕਰਦਾ ਹੈ। ਇਸ ਲਈ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਆਪਣੇ ਅਧਿਆਪਕਾਂ ਦਾ ਸਤਿਕਾਰ ਜ਼ਰੂਰ ਕਰਨਾ ਚਾਹੀਦਾ ਹੈ ਇਸ ਮੌਕੇ ਹੈੱਡ ਟੀਚਰ ਮੈਡਮ ਸੀਮਾ ਰਾਣੀ, ਮੈਡਮ ਮੋਨਿਕਾ ਜੈਨ, ਕਰਮਜੀਤ ਕੌਰ, ਮਨਪ੍ਰੀਤ ਕੌਰ, ਅਨੂ ਰਾਣੀ, ਗੁਰਪ੍ਰੀਤ ਕੌਰ, ਜਸਪ੍ਰੀਤ ਕੌਰ, ਗੁਰਜੀਤ ਕੌਰ, ਗੁਰਪ੍ਰੀਤ ਕੌਰ, ਪ੍ਰਭਪ੍ਰੀਤ ਕੌਰ ਧਰਮਿੰਦਰ ਸਿੰਘ ਸਮੇਤ ਸਕੂਲ ਦੇ ਬੱਚੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਗੁਰਦੁਆਰਾ ਬਾਬਾ ਸ਼ਾਮ ਸਿੰਘ ਜੀ ਮੋਰੀਗੇਟ ਵਿਖੇ 7 ਸਤੰਬਰ ਨੂੰ

**ਜੰਡਿਆਲਾ ਗੁਰੂ, 5 ਸਤੰਬਰ ( ਕੁਲਵੰਤ ਸਿੰਘ ਵਿਰਦੀ )**-ਦੀਨ ਦੁਨੀਆ ਦੇ ਮਾਲਕ ਨਿਮਾਣਿਆਂ ਦੇ ਮਾਣ ਨਿਤਾਣਿਆ ਦੇ ਤਾਣ ਨਿਓਟਿਆਂ ਦੀ ਓਟ ਨਿਆਸਰਿਆਂ ਦੇ ਆਸਰੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿੱਤ ਗੁਰਮਤਿ ਸਮਾਗਮ ਗੁਰਦੁਆਰਾ ਬਾਬਾ ਸ਼ਾਮ ਸਿੰਘ ਜੀ ਮੋਰੀਗੇਟ, ਜੰਡਿਆਲਾ ਗੁਰੂ ਵਿਖੇ ਮਿਤੀ 7 ਸਤੰਬਰ 2024 ਦਿਨ ਸ਼ਨੀਵਾਰ ਨੂੰ ਕਰਵਾਇਆ ਜਾ ਰਿਹਾ ਹੈ ਇਸ ਸਬੰਧੀ ਜਾਣਕਾਰੀ



ਆਵਾਜ਼ਿ ਕੌਮ AWAZE QAUM International Newspaper & WEB TV

ਦਿੰਦਿਆਂ ਹੋਇਆਂ ਹੈਡ ਗ੍ਰੰਥੀ ਭਾਈ ਹਰਭਜਨ ਸਿੰਘ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰਮਤਿ ਸਮਾਗਮ ਸ਼ਾਮ ਨੂੰ 6 ਤੋਂ 9 ਵਜੇ ਤੱਕ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਸੰਧਿਆ ਦੀ ਸਮਾਪਤੀ ਤੋਂ ਉਪਰੰਤ 7 ਤੋਂ 8 ਵਜੇ ਤੱਕ ਰਾਗੀ ਸਿੰਘ ਭਾਈ ਹਰਭਜਨ ਸਿੰਘ, ਭਾਈ ਸਰਬਜੀਤ ਸਿੰਘ ਵੱਲੋਂ ਧੁਰ ਕੀ ਬਾਣੀ ਇਲਾਹੀ ਬਾਣੀ ਜੀ ਦੇ ਕੀਰਤਨ ਦੀਆਂ ਹਾਜਰੀਆਂ ਭਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਣਾ ਕਰਨਗੇ ਅਤੇ ਕੀਰਤਨ ਦੀ ਸਮਾਪਤੀ ਤੋਂ ਉਪਰੰਤ 8 ਤੋਂ 9 ਵਜੇ ਤੱਕ ਸ਼੍ਰੋਮਣੀ ਪ੍ਰਚਾਰਕ ਭਾਈ ਹਰਪ੍ਰੀਤ ਸਿੰਘ ਜੀ ਜੰਡਿਆਲਾ ਵਾਲੇ ਗੁਰਬਾਣੀ ਵੀਚਾਰ ਦੀ ਸਾਂਝ ਪਾਉਂਦਿਆਂ ਹੋਇਆਂ ਸੰਗਤਾਂ ਨੂੰ ਗੁਰ ਇਤਿਹਾਸ ਤੇ ਜਾਣੂੰ ਕਰਵਾਉਣਗੇ ਸਮੂਹ ਸ਼ਹਿਰ ਵਾਸੀਆਂ ਅਤੇ ਇਲਾਕਾ ਨਿਵਾਸੀ ਸੰਗਤਾਂ ਨੂੰ ਸਮਾਗਮ ਵਿੱਚ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ ਅੱਗੇ ਉਨ੍ਹਾ ਕਿਹਾ ਕਿ ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਜਾਣਗੇ।

ਬੁੱਢੇ ਦਰਿਆ ਦੇ ਚੱਕਰ ਵਿੱਚ

# ਵਿਧਾਨ ਸਭਾ ਤੋਂ ਥਾਣੇ ਤੱਕ ਦਾ ਸਫਰ





**ਮੋਗਾ, 5 ਸਤੰਬਰ (ਆਵਾਜਿ ਕੌਮ ਬਿਉਰੋ)** -ਵਿਧਾਨ ਸਭਾ ਦਾ ਕੇਵਲ ਢਾਈ ਦਿਨ ਦਾ ਮਾਨਸੂਨ ਸੈਸ਼ਨ ਰੱਖਿਆ ਗਿਆ। ਪਹਿਲੇ ਹੀ ਦਿਨ ਵਿਧਾਨ ਸਭਾ ਵਿੱਚ ਬੁੱਢੇ ਦਰਿਆ ਦੀ ਗੱਲ ਉੱਠੀ। ਐਮਐਲਏ ਮਨਪ੍ਰੀਤ ਸਿੰਘ ਇਆਲੀ ਨੇ ਜ਼ੀਰੋ ਆਵਰ ਵਿੱਚ ਇਹ ਗੱਲ ਚੁੱਕੀ ਕਿ ਉਹਨਾਂ ਨੇ ਬੁੱਢੇ ਦਰਿਆ ਦੇ ਮਸਲੇ ਤੇ ਧਿਆਨ ਦਵਾਊ ਮਤਾ ਲਗਾਇਆ ਸੀ ਜਿਸ ਨੂੰ ਸਪੀਕਰ ਸਾਹਿਬ ਨੇ ਅਸਵੀਕਾਰ ਕਰ ਦਿੱਤਾ ਸੀ ਪਰ ਕਿਉਂਕਿ ਇਹ ਬਹੁਤ ਹੀ ਗੰਭੀਰ ਮਸਲਾ ਹੈ ਅਤੇ ਪੰਜਾਬ ਦੇ ਲੋਕ ਇਸ ਬਾਰੇ ਬਹੁਤ ਜਿਆਦਾ ਚਿੰਤਤ ਹਨ ਤਾਂ ਵਿਧਾਨ ਸਭਾ ਨੂੰ ਇਸ ਬਾਰੇ ਚਰਚਾ ਕਰਨੀ ਚਾਹੀਦੀ ਹੈ।ਸਪੀਕਰ ਸਾਹਿਬ ਨੇ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਕਿ ਹਾਲ ਦੀ ਘੜੀ ਇਸ ਵਿਸ਼ੇ ਬਾਰੇ ਬਣੀ ਖਾਸ ਕਮੇਟੀ ਵਿੱਚ ਹੀ ਇਸ ਦੀ ਚਰਚਾ ਕੀਤੀ ਜਾਵੇ। ਇਸ ਦੇ ਚਲਦਿਆਂ ਟੀਮ ਕਾਲੇ ਪਾਣੀ ਦਾ ਮੋਰਚਾ ਦੇ ਕਾਰਕੁਨ ਅਮਿਤੋਜ ਮਾਨ, ਜਸਕੀਰਤ ਸਿੰਘ, ਕੁਲਦੀਪ ਸਿੰਘ ਖਹਿਰਾ ਅਤੇ ਭੁਪਿੰਦਰ ਸਿੰਘ ਅਗਲੇ ਦਿਨ ਸਵੇਰੇ (3 ਤਰੀਕ ਨੂੰ) ਜਲਦੀ ਹੀ ਵਿਧਾਨ ਸਭਾ ਪਹੁੰਚ ਗਏ ਅਤੇ ਬਿਨਾ ਕਿਸੇ ਖਾਸ ਰੋਕ ਟੋਕ ਹੀ ਵਿਧਾਨ ਸਭਾ ਦੀ ਅੰਦਰ ਵਾਲੀ ਪਾਰਕਿੰਗ ਤੱਕ ਪਹੁੰਚ ਗਏ। ਲੱਖਾ ਸਿਧਾਣਾ ਸਾਢੇ ਨੌਂ ਵਜੇ ਪਹੁੰਚੇ ਅਤੇ ਉਦੋਂ ਤੱਕ ਸਿਕਿਉਰਿਟੀ ਕਾਫੀ ਕਰੜੀ ਹੋ ਚੁੱਕੀ ਸੀ ਅਤੇ ਉਹਨਾਂ ਨੂੰ ਬਾਹਰ ਵਾਲੀ ਪਾਰਕਿੰਗ ਤੋਂ ਅੱਗੇ ਜਾਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ। ਕੁੱਝ ਦੇਰ ਬਾਅਦ ਲੱਖੇ ਦਾ ਫ਼ੋਨ ਆਇਆ ਕਿ ਉਹਨਾਂ ਨੂੰ ਤਾਂ ਅੰਦਰ ਭੇਜਣ ਦੀ ਬਜਾਏ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਸੀ ਜੋ ਉਸ ਨੂੰ ਚੰਡੀਗੜ੍ਹ ਦੇ ਸੈਕਟਰ ਤਿੰਨ ਵਿਖੇ ਥਾਣੇ ਵਿੱਚ ਲੈ ਗਈ ਅਤੇ ਨਜ਼ਰ ਬੰਦ ਕਰ ਦਿੱਤਾ।ਪਹੁੰਚੇ ਕਾਰਕੁਨਾਂ ਨੇ ਵਿਧਾਨ ਸਭਾ ਦੇ ਬਾਹਰ ਹੀ ਉੱਥੇ ਪਹੁੰਚੇ ਮੀਡੀਆ ਨਾਲ ਬੁੱਢੇ ਦਰਿਆ ਅਤੇ ਸਤਲੁਜ ਦੇ ਜ਼ਿਹਰੀਲੇ ਕਾਲੇ ਪਾਣੀ ਅਤੇ ਉਸ ਤੋਂ ਉਪਜੀ ਪੰਜਾਬ ਦੀ ਵੱਡੀ ਸਿਹਤ ਅਤੇ ਆਰਥਿਕ ਸਮੱਸਿਆ ਦੇ ਵਿਸ਼ੇ ਤੇ ਗੱਲਬਾਤ ਕੀਤੀ ਅਤੇ ਵਿਧਾਨ ਸਭਾ ਵਿੱਚ ਇਸ ਗੰਭੀਰ ਵਿਸ਼ੇ ਬਾਰੇ ਚਰਚਾ ਨਾ ਹੋਣ ਬਾਰੇ ਕੁਝ ਪੋਸਟਰ ਵਿਖਾ ਕੇ ਆਪਣਾ ਰੋਸ ਵੀ ਜ਼ਾਹਿਰ ਕੀਤਾ।

ਇਹ ਸਭ ਤੋਂ ਬਾਅਦ ਅਸੀਂ ਸੈਕਟਰ ਤਿੰਨ ਦੇ ਥਾਣੇ ਵੱਲ ਨੂੰ ਰੁੱਖ ਕੀਤਾ ਤਾਂ ਕਿ ਲੱਖਾ ਸਿਧਾਣਾਂ ਨੂੰ ਪੁਲਿਸ ਕੋਲੋਂ ਛੁਡਵਾਇਆ ਜਾ ਸਕੇ। ਉੱਥੇ ਪਹੁੰਚ ਕੇ ਦੇਖਿਆ ਕਿ ਐਸ.ਐਚ.ਓ ਸਾਹਿਬ ਨਹੀਂ ਹਨ ਪਰ ਮੁਨਸ਼ੀ ਹਾਜ਼ਰ ਹੈ ਜਿਸ ਨਾਲ ਬੈਠ ਕੇ ਕਾਫੀ ਗੱਲਾਂ ਬਾਤਾਂ ਹੋਈਆਂ ਅਤੇ ਅਮਿਤੋਜ ਮਾਨ ਨੇ ਕਾਫੀ ਵਿਸਥਾਰ ਵਿੱਚ ਆਪਣੇ ਕਾਲੇ ਪਾਣੀ ਦੇ ਮਸਲੇ ਬਾਰੇ ਤੇ ਵਿਧਾਨ ਸਭਾ ਦੇ ਬਾਹਰ ਹੋਈਆਂ ਪ੍ਰੈਸ ਮਿਲਣੀਆਂ ਬਾਰੇ ਖੁੱਲ ਕੇ ਦੱਸਿਆ ਅਤੇ ਮੁਨਸ਼ੀ ਨੂੰ ਹੱਸ ਕੇ ਬੇਨਤੀ ਕੀਤੀ ਕਿ ਜਾਂ ਤਾਂ ਲੱਖਾਂ ਸਿਧਾਣਾਂ ਨੂੰ ਵੀ ਛੱਡ ਦਿਓ ਤੇ ਜਾਂ ਫਿਰ ਸਾਨੂੰ ਵੀ ਨਾਲ ਹੀ ਰੱਖ ਲਓ।ਉਹਨਾਂ ਨੇ ਸਾਨੂੰ ਇੱਕ ਕਮਰੇ ਵਿੱਚ ਬਿਠਾ ਦਿੱਤਾ ਅਤੇ ਕਿਹਾ ਕਿ ਤੁਸੀਂ ਕੁਝ ਦੇਰ ਇੰਤਜ਼ਾਰ ਕਰੋ। ਲੱਖਾ ਵੀ ਉਥੇ ਹੀ ਸੀ। ਫੇਰ ਸਾਨੂੰ ਇੱਕ ਪੁਲਿਸ ਕਰਮੀ ਮਿਲਣ ਆਏ ਅਤੇ ਡਾਇਰੀ ਵਿੱਚ ਸਾਰਿਆਂ ਦਾ ਨਾਮ ਲਿਖਣ ਲਈ ਕਿਹਾ ਜੋ ਕਿ ਅਸੀਂ ਲਿਖ ਦਿੱਤੇ। ਸਾਰਿਆਂ ਲਈ ਚਾਹ ਵੀ ਆ ਗਈ। ਜਦੋਂ ਇੱਕ ਘੰਟੇ ਤੋਂ ਵੱਧ ਇੰਤਜ਼ਾਰ ਤੋਂ ਬਾਅਦ ਵੀ ਕੋਈ ਅਗਲੀ ਖਬਰ ਨਾ ਆਈ ਤਾਂ ਅਸੀਂ ਫੇਰ ਇੱਕ ਵਾਰ ਮੁਨਸ਼ੀ ਨੂੰ ਮਿਲ ਕੇ ਪੁੱਛਿਆ ਤਾਂ ਉਹਨਾਂ ਨੇ ਕਿਹਾ ਕਿ ਹਾਲੇ ਉਪਰੋਂ ਕੋਈ ਇੰਸਟਰਕਸ਼ਨ ਨਹੀਂ ਆਈ ਪਰ ਜਲਦੀ ਹੀ ਉਹ ਪਤਾ ਕਰਕੇ ਦੱਸਣਗੇ। ਇਸ ਤੋਂ ਬਾਅਦ ਉਹ ਕਿਤੇ ਚਲੇ ਗਏ ਅਤੇ ਇਹ ਕਹਿ ਕੇ ਗਏ ਕਿ ਉਹ ਕੁਝ ਦੇਰ ਵਿੱਚ ਹੀ ਮੁੜ ਆਉਣਗੇ। ਸਾਨੂੰ ਸ਼ੱਕ ਜਿਹਾ ਹੋਇਆ ਕਿ ਸ਼ਾਇਦ ਸਾਨੂੰ ਵੀ ਡਿਟੇਨ ਕਰ ਲਿਆ ਗਿਆ ਹੈ ਜਿਸ ਤੇ ਅਸੀਂ ਉਥੇ ਤਾਇਨਾਤ ਪੁਲਿਸ ਕਰਮੀਆਂ ਨੂੰ ਪੁੱਛਿਆ ਕਿ ਕੀ ਅਸੀਂ ਬਾਹਰੋਂ ਕੁੱਝ ਖਾਣ ਪੀਣ ਨੂੰ ਲੈ ਆਈਏ ਤਾਂ ਉਹਨਾਂ ਨੇ ਕਿਹਾ ਕਿ ਤੁਸੀਂ ਆਪ ਨਹੀਂ ਜਾ ਸਕਦੇ ਕਿਸੇ ਤੋਂ ਮੰਗਵਾ ਸਕਦੇ ਹੋ। ਸ਼ੱਕ ਦੂਰ ਹੋ ਗਿਆ। ਅਸੀਂ ਅੰਦਰੋਂ ਇੱਕ ਫੋਟੋ ਖਿੱਚ ਕੇ ਮੀਡੀਆ ਨੂੰ ਭੇਜ ਦਿੱਤੀ ਅਤੇ ਦੱਸ ਦਿੱਤਾ ਕਿ ਸਾਨੂੰ ਨਜ਼ਰਬੰਦ ਕਰ ਲਿਆ ਗਿਆ ਹੈ ਜਿਸ ਕਰਕੇ ਕੁਝ ਮੀਡੀਆ ਵੀ ਬਾਹਰ ਆ ਗਿਆ ਪਰ ਉਹਨਾਂ ਨੂੰ ਅੰਦਰ ਸਾਨੂੰ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਅਤੇ ਨਾ ਹੀ ਉਸ ਵੇਲੇ ਸਾਨੂੰ ਬਾਹਰ ਜਾ ਕੇ ਉਹਨਾਂ ਨੂੰ ਮਿਲਣ ਦਾ ਮੌਕਾ ਦਿੱਤਾ ਗਿਆ। 2 ਵੱਜਣ ਤੇ ਸਾਰਿਆਂ ਨੂੰ ਕਾਫੀ ਭੁੱਖ ਲੱਗ ਚੁੱਕੀ ਸੀ ਤਾਂ ਅਮਿਤੋਜ ਮਾਨ ਨੇ ਆਪਣੇ ਇੱਕ ਮਿੱਤਰ ਨੂੰ ਫੋਨ ਕਰਕੇ ਹਾਲਾਤ ਬਾਰੇ ਦੱਸਿਆ ਤਾਂ ਉਹ ਖਾਣ ਪੀਣ ਦਾ ਕੁਝ ਸਮਾਨ ਲੈ ਕੇ ਪਹੁੰਚੇ। ਜਦੋਂ ਤਿੰਨ ਵਜੇ ਤੱਕ ਵੀ ਕੋਈ ਖੋਜ ਖਬਰ ਨਾਂ ਮਿਲੀ ਕਿ ਅੱਗੋਂ ਪੁਲਿਸ ਦਾ ਕੀ ਇਰਾਦਾ ਹੈ ਤਾਂ ਅਸੀਂ ਫੇਰ ਪੁੱਛਿਆ ਤੇ ਇਹੀ ਦੱਸਿਆ ਗਿਆ ਕਿ ਇੰਤਜ਼ਾਰ ਕਰੋ ਮੁਣਸ਼ੀ ਜੀ ਆਕੇ ਦੱਸਣਗੇ। ਮੈਂ ਚਾਰ ਵਜੇ ਫਿਰ ਮੁੰਨਸ਼ੀ ਦੇ ਦਫ਼ਤਰ ਜਾ ਝਾਤ ਮਾਰੀ ਤੇ ਕੁਰਸੀ ਤੇ ਬੈਠੇ ਦੇਖ ਜਾ ਕੇ ਪੁੱਛਿਆ ਕਿ ਅੱਗੋਂ ਉਹਨਾਂ ਦਾ ਹੁਣ ਕੀ ਇਰਾਦਾ ਹੈ ਤਾਂ ਉਹਨਾਂ ਨੇ ਕਿਹਾ ਕਿ ਹਾਲੇ ਤਾਂ ਵਿਧਾਨ ਸਭਾ ਸੈਸ਼ਨ ਚੱਲ ਰਿਹਾ ਹੈ ਅਤੇ ਸੈਸ਼ਨ ਤੋਂ ਬਾਅਦ ਹੀ ਛੱਡੇ ਜਾਣ ਦੀ ਉਮੀਦ ਹੈ। 5 ਵਜੇ ਦੇ ਕਰੀਬ ਐਸ.ਐਚ.ਓ ਨਰਿੰਦਰ ਪਟਿਆਲ ਥਾਣੇ ਆ ਗਏ ਮੈਂ ਉਹਨਾਂ ਨੂੰ ਮਿਲਣ ਚਲਾ ਗਿਆ ਅਤੇ ਬੇਨਤੀ ਕੀਤੀ ਕਿ ਦੱਸੋ ਭਾਈ ਸਾਰਾ ਦਿਨ ਹੋ ਗਿਆ ਸਾਨੂੰ ਇੱਥੇ ਬੈਠੇ ਹੁਣ ਸਾਡੇ ਲਈ ਕੀ ਹੁਕਮ ਹੈ ਤਾਂ ਉਹਨਾਂ ਨੇ ਹੈਰਾਨੀ ਪ੍ਰਗਟ ਕਰਦਿਆਂ ਕੁਝ ਗੁੱਸੇ ਨਾਲ ਕਿਹਾ ਸਰਦਾਰ ਜੀ ਮੈਂ ਤਾਂ ਤੁਹਾਨੂੰ ਜਾਣਦਾ ਹੀ ਨਹੀਂ। ਮੈਂ ਦੱਸਿਆ ਕਿ ਅਸੀਂ ਤਾਂ ਸਵੇਰ ਦੇ ਇੱਥੇ ਕਮਰੇ ਵਿੱਚ ਬੈਠੇ ਹਾਂ ਅਤੇ ਸਾਨੂੰ ਤਾਂ ਬਾਹਰ ਆਪਣੇ ਮੋਬਾਈਲ ਦਾ ਚਾਰਜਰ ਤੱਕ ਕਾਰ ਵਿੱਚੋਂ ਚੁੱਕਣ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਤਾਂ ਉਹਨਾਂ ਨੇ ਕਿਹਾ ਕਿ ਤੁਸੀਂ ਝੂਠਾ ਇਲਜ਼ਾਮ ਲਗਾ ਰਹੇ ਹੋ ਇੱਥੇ ਕੈਮਰੇ ਲੱਗੇ ਹਨ, ਮੈਂ ਤਾਂ ਸਿਰਫ ਲੱਖੇ ਨੂੰ ਲੈ ਕੇ ਆਇਆ ਹਾਂ ਤੁਹਾਨੂੰ ਤੇ ਅਸੀਂ ਜਾਣਦੇ ਹੀ ਨਹੀਂ ਅਤੇ ਜੇ ਮੇਰੇ ਕਿਸੇ ਮੁਲਾਜ਼ਮ ਨੇ ਤੁਹਾਡੇ ਨਾਲ ਗਲਤ ਸਲੂਕ ਕੀਤਾ ਹੈ ਤਾਂ ਮੇਰਾ ਫੋਨ ਨੰਬਰ ਇੱਥੇ ਲਿਖਿਆ ਸੀ ਤੁਸੀਂ ਫੋਨ ਕਰ ਲੈਂਦੇ। ਇਹ ਸੁਣ ਕੇ ਮੈਨੂੰ ਵੀ ਬਹੁਤ ਹੈਰਾਨੀ ਹੋਈ ਕਿਉਂਕਿ ਸਾਰੇ ਦਿਨ ਤੋਂ ਇਹੀ ਵਤੀਰਾ ਚੱਲ ਰਿਹਾ ਸੀ ਕਿ ਤੁਸੀਂ ਬਸ ਕਮਰੇ ਦੇ ਅੰਦਰ ਹੀ ਬੈਠੋ ਅਤੇ ਬਾਹਰ ਨਹੀਂ ਜਾਣਾ। ਇਹ ਗੱਲ ਮੈਂ ਆਪਣੇ ਸਾਥੀਆਂ ਨੂੰ ਆ ਕੇ ਦੱਸੀ ਤਾਂ ਸਾਰੇ ਐਸ.ਐਚ.ਓ ਨੂੰ ਮਿਲਣ ਉਸ ਦੇ ਕਮਰੇ ਵਿੱਚ ਪਹੁੰਚੇ ਅਤੇ ਉਹਨਾਂ ਨੂੰ ਕਿਹਾ ਕਿ ਅਸੀਂ ਕੋਈ ਝੂਠ ਨਹੀਂ ਬੋਲ ਰਹੇ ਜੋ ਹੋਇਆ ਹੈ ਉਹੀ ਦੱਸ ਰਹੇ ਹਾਂ ਅਤੇ ਸਾਨੂੰ ਤਾਂ ਇਸ ਤੇ ਕੋਈ ਬਹੁਤਾ ਗਿਲਾ ਵੀ ਨਹੀਂ ਹੈ ਅਸੀਂ ਤਾਂ ਸਿਰਫ ਇਹ ਪੁੱਛ ਰਹੇ ਹਾਂ ਕਿ ਹੁਣ ਅੱਗੋਂ ਸਾਡੇ ਲਈ ਕੀ ਹੁਕਮ ਹੈ ਤਾਂ ਕਿ ਗੱਲ ਕਲੀਅਰ ਹੋ ਜਾਵੇ। ਇਸ ਤੇ ਐਸਐਚਓ ਬਹੁਤ ਗੁੱਸੇ ਵਿੱਚ ਆ ਗਏ ਅਤੇ ਉਹਨਾਂ ਨੇ ਸਾਨੂੰ ਕਿਹਾ ਕਿ ਉਹ ਸਿਰਫ ਲੱਖੇ ਨੂੰ ਲੈ ਕੇ ਆਏ ਸਨ ਤੇ ਉਹਨੂੰ ਭਾਵੇਂ ਉਹ ਅਰੈਸਟ ਕਰਨ ਜਾਂ ਹੋਰ ਜੋ ਮਰਜ਼ੀ। ਉਹਨਾਂ ਇਹ ਵੀ ਕਿਹਾ ਕਿ ਬਾਕੀ ਸਾਰਿਆਂ ਨੂੰ ਅੰਦਰ ਬਿਠਾ ਕੇ ਮੇਰੇ ਸਟਾਫ ਨੇ ਗਲਤੀ ਕੀਤੀ ਹੈ ਅਤੇ ਤੁਸੀਂ ਝੂਠਾ ਇਲਜ਼ਾਮ ਲਗਾ ਰਹੇ ਹੋ ਅਤੇ ਹੁਣ ਸਾਰੇ ਤੁਸੀਂ ਮੇਰੇ ਦਫਤਰ ਅਤੇ ਥਾਣੇ ਚੋਂ ਨਿਕਲ ਜਾਓ। ਮਾਹੌਲ ਬਿਨਾਂ ਵਜਾ ਗਰਮ ਹੁੰਦਾ ਵੇਖ ਅਮਿਤੋਜ ਮਾਨ ਨੇ ਐਸ ਐਚ ਓ ਨੂੰ ਕਿਹਾ ਕਿ ਅਸੀਂ ਤਾਂ ਤੁਹਾਡੇ ਨਾਲ ਕੋਈ ਗੁੱਸਾ ਗਿਲਾ ਵੀ ਨਹੀਂ ਕੀਤਾ ਅਤੇ ਅਸੀਂ ਆਪਣੇ ਸਾਥੀ ਲੱਖੇ ਨੂੰ ਵੀ ਨਾਲ ਹੀ ਲੈ ਕੇ ਜਾਣਾ ਹੈ ਪਰ ਉਹਨਾਂ ਨੇ ਇੱਕ ਨਾ ਸੁਣੀ ਅਤੇ ਮੁਲਾਜ਼ਮ ਬੁਲਾ ਕੇ ਸਾਨੂੰ ਬਾਹਰ ਕੱਢਣ ਲਈ ਕਹਿ ਦਿੱਤਾ। ਸਾਨੂੰ ਸਮਝ ਆ ਗਈ ਕਿ ਇਹਨਾਂ ਨੂੰ ਉਪਰੋਂ ਕੋਈ ਇਸ਼ਾਰਾ ਹੋਇਆ ਹੈ ਤਾਹੀਂ ਇਹ ਹੁਣ ਮਸਲਾ ਵੱਡਾ ਹੁੰਦਾ ਵੇਖ ਬਲਾਂ ਆਪਣੇ ਗਲੋਂ ਲਾਹ ਰਹੇ ਹਨ। ਬਾਹਰ ਆ ਕੇ ਅਸੀਂ ਉਦੋਂ ਤੱਕ ਉਥੇ ਪਹੁੰਚ ਚੁੱਕੇ ਮੀਡੀਆ ਕਰਮੀਆਂ ਨਾਲ ਗੱਲਬਾਤ ਸ਼ੁਰੂ ਕੀਤੀ ਅਤੇ ਹਾਲੇ ਪੰਜ ਕੁ ਮਿੰਟ ਹੀ ਹੋਏ ਸਨ ਕਿ ਪਿੱਛੇ ਰੌਲਾ ਪੈ ਗਿਆ ਤੇ ਅਚਾਨਕ ਕੋਈ ਕੈਦੀ ਹਿਰਾਸਤ ਵਿੱਚੋ ਭੱਜ ਕੇ ਥਾਣੇ ਦੀ ਕੰਧ ਟੱਪ ਕੇ ਬਾਹਰ ਚਲਾ ਗਿਆ ਜਿਸ ਦੇ ਮਗਰ ਚਾਰ ਪੰਜ ਪੁਲਿਸ ਕਰਮੀ ਭੱਜੇ ਅਤੇ ਇੱਕ ਮਿੰਟ ਵਿੱਚ ਹੀ ਬਾਹਰ ਜਾ ਕੇ ਉਹਨੂੰ ਘੇਰ ਲਿਆ। ਇਹ ਸਾਰਾ ਵਾਕਿਆ ਮੀਡੀਆ ਕਰਮੀਆਂ ਦੇ ਕੈਮਰਿਆਂ ਵਿੱਚ ਬਾਕਾਇਦਾ ਕੈਦ ਹੋ ਗਿਆ। ਪੰਜ ਕੁ ਮਿੰਟ ਬਾਅਦ ਲੱਖਾ ਸਿਧਾਣਾ ਨੂੰ ਵੀ ਛੱਡ ਦਿੱਤਾ ਗਿਆ ਅਤੇ ਉਹ ਵੀ ਬਾਹਰ ਆ ਗਏ ਅਤੇ ਮੀਡੀਆ ਨਾਲ ਗੱਲਬਾਤ ਕੀਤੀ। ਅੱਧਾ ਕੁ ਘੰਟਾ ਗੱਲਾਂ ਬਾਤਾਂ ਚੱਲੀਆਂ ਅਤੇ ਉਸ ਤੋਂ ਬਾਅਦ ਜਦੋਂ ਅਸੀਂ ਆਪਣੀ ਗੱਡੀ ਵਿੱਚ ਬਹਿ ਕੇ ਚੱਲਣ ਹੀ ਲੱਗੇ ਸਾਂ ਤਾਂ ਐਸਐਚਓ ਸਾਹਿਬ ਵੀ ਬਾਹਰ ਆਏ ਅਤੇ ਉਹਨਾਂ ਨੇ ਲੱਖੇ ਨੂੰ ਕਿਹਾ ਕਿ ਮੇਰੇ ਥਾਣੇ ਤੋਂ ਦੂਰ ਜਾ ਕੇ ਮੀਡੀਆ ਨਾਲ ਗੱਲਬਾਤ ਕਰੋ ਅਤੇ ਇੰਨਾ ਕਹਿ ਕੇ ਉਹ ਆਪਣੀ ਗੱਡੀ ਵਿੱਚ ਸਵਾਰ ਹੋ ਕੇ ਚਲੇ ਗਏ। ਅਸੀਂ ਵੀ ਆਪਣੇ ਘਰੋਂ ਘਰੀਂ ਚਾਲੇ ਪਾ ਦਿੱਤੇ।

**-ਜਸਕੀਰਤ ਸਿੰਘ, 9815781629**

12 ਅਕਤੂਬਰ 1920 ਨੂੰ ਗਿਣਤੀ ਦੀਆਂ ਸਮਰਪਿਤ ਰੂਹਾਂ ਨੇ ਅਕਾਲ ਤਖ਼ਤ ਨੂੰ ਮਹੰਤਾਂ ਤੋ ਆਜ਼ਾਦ ਕਰਾ ਕੇ ਕੌਮ ਦੀ ਤਕਦੀਰ ਬਦਲ ਦਿੱਤੀ ਸੀ

# ਹੁਣ ਵੀ ਬਿਲਕੁਲ ਉਸੇ ਤਰ੍ਹਾਂ ਕਰਨਾ ਪਵੇਗਾ, ਪਰ...

ਵਿਚਾਰ ਆਪੋ-ਆਪਣਾ

**ਸਿੱਖ** ਰਾਜਨੀਤੀ ਸੱਠਵਿਆਂ ਦੇ ਸਮੇਂ ਤੋਂ ਸੰਤ ਫਤਹਿ ਸਿੰਘ ਦੇ ਆਗਮਨ ਨਾਲ ਹੀ ਵਿਚਾਰਧਾਰਕ ਪਟੜੀ ਤੋਂ ਉਤਰ ਚੁੱਕੀ ਹੈ। ਇਸ ਦੇ ਗੰਭੀਰ ਲੱਛਣ ਹੌਲੀ ਹੌਲੀ ਦਿਖਾਈ ਦੇਣੇ ਸ਼ੁਰੂ ਹੋਏ ਕਿਉਂਕਿ ਜਦੋਂ ਤੱਕ ਅਕਾਲੀ ਦਲ ਵਿੱਚ ਸਿੱਖ ਵਿਚਾਰਧਾਰਾ ਪ੍ਰਤੀ ਸਮਰਪਿਤ ਵਰਕਰ ਮੌਜੂਦ ਰਹੇ ,ਸਿੱਖ ਰਾਜਨੀਤੀ ਦਾ ਮੁਕੰਮਲ ਨਿੱਜੀਕਰਨ ਅਤੇ ਵਪਾਰੀਕਰਨ ਕਰਨਾ ਮੁਸ਼ਕਲ ਸੀ ।ਪ੍ਰਕਾਸ਼ ਸਿੰਘ ਬਾਦਲ ਨੇ ਇੱਕ ਇੱਕ ਕਰਕੇ ਜੁਅਰਤਮੰਦ ਅਤੇ ਪੰਥਕ ਸੋਚ ਵਾਲੇ ਆਗੂਆਂ ਨੂੰ ਪਛਾੜਣਾ ਅਤੇ ਨਕਾਰਨਾ ਸ਼ੁਰੂ ਕੀਤਾ ਅਤੇ ਸਿੱਖ ਰਾਜਨੀਤੀ ਉੱਪਰ ਆਪਣੀ ਪਕੜ ਮਜ਼ਬੂਤ ਕਰਦਾ ਚਲਾ ਗਿਆ ।ਸਿੱਖ ਰਾਜਨੀਤੀ ਵਿੱਚ ਉਹ ਇੱਕ ਅਜਿਹਾ ਲੀਡਰ ਸੀ ਜੋ ਆਪਣੇ ਨੇੜੇ ਦੇ ਸਰਕਲ ਵਿੱਚ ਇਹ ਸ਼ਰੇਆਮ ਪ੍ਰਚਾਰਦਾ ਸੀ ਕਿ ਸੱਤਾ ਅਸੂਲਾਂ ਦੀ ਬਜਾਏ ਪੈਸੇ ਅਤੇ ਦਗ਼ੇਬਾਜ਼ੀਆਂ ਨਾਲ ਹੀ ਹਾਸਲ ਕੀਤੀ ਜਾ ਸਕਦੀ ਹੈ ।ਉਸ ਨੇ ਆਪਣੇ ਆਸ-ਪਾਸ ਦੇ ਹਰੇਕ ਆਗੂ ਨੂੰ ਮਿੱਥੀ ਯੋਜਨਾ ਮੁਤਾਬਿਕ ਕੁਰਪਟ ਕੀਤਾ ਅਤੇ ਸੱਤਾ ਦੇ ਜ਼ੋਰ ਨਾਲ ਸਭ ਨੂੰ ਖਿਡੌਣੇ ਦੀ ਤਰ੍ਹਾਂ ਇਸਤਮਾਲ ਕੀਤਾ ।ਇਸ ਮਕਸਦ ਲਈ ਦੇਸ਼ ਦੇ ਸਰਕਾਰੀ ਤੰਤਰ ,ਭਾਰਤੀ ਏਜੰਸੀਆਂ ,ਮੀਡੀਆ ਅਤੇ ਬਰਜਿੰਦਰ ਹਮਦਰਦ ਅਤੇ ਹਰਚਰਨ ਬੈਂਸ ਵਰਗੇ ਖੱਬੇਪੱਖੀ ਲੋਕਾਂ ਨੇ ਡਟਵਾਂ ਸਾਥ ਦਿੱਤਾ ।ਪ੍ਰਕਾਸ਼ ਬਾਦਲ ਦੀ ਸਿਆਸੀ ਪ੍ਰਵਾਨਗੀ ਬੀਤੇ ਦੀ ਲਹਿਰ ਵਿੱਚੋਂ ਪੈਦਾ ਹੋਈ ਲੀਡਰਸ਼ਿਪ ਦੇ ਸਿਆਸੀ ਤੌਰ ਤੇ ਨਾਲਾਇਕ ਸਾਬਤ ਹੋਣ ਅਤੇ ਨੱਬੇਵਿਆਂ ਦੇ ਜ਼ੁਲਮ ਦੀ ਝੰਬੀ ਕੌਮੀ ਮਾਨਸਿਕਤਾ ਕਰਕੇ ਆਸਾਨੀ ਨਾਲ ਸਿਰੇ ਚੜ ਗਈ ।ਪ੍ਰਕਾਸ਼ ਬਾਦਲ ਨੇ ਸਾਡੀ ਹਰੇਕ ਸੰਸਥਾ ਨੂੰ ਕਮਜ਼ੋਰ ਅਤੇ ਕੁਰਪਟ ਕਰ ਦਿੱਤਾ ,ਜਿਹਨਾਂ ਵਿੱਚ ਸਾਡੇ ਤਖਤਾਂ ਦੇ ਜੱਥਦਾਰ ਵੀ ਸ਼ਾਮਲ ਹਨ ।ਇਸ ਕਰਕੇ ਇਹ ਆਸ ਕਰਨੀ ਕਿ ਪੰਥ ਦੀ ਡੁੱਬਦੀ ਬੇੜੀ ਨੂੰ ਇਹ ਜੱਥਦਾਰ ਕਿਨਾਰੇ ਲਾਉਣਗੇ ,ਇਹ ਝੂਠੀ ਆਸ ਹੈ ।ਸਾਨੂੰ ਇਸ ਦੇ ਬਦਲਵੇ ਰਾਹਾਂ ਦੀ ਭਾਲ ਕਰਨੀ ਚਾਹੀਦੀ ਹੈ ।ਅਕਾਲ ਤਖ਼ਤ ਇੱਕ ਜੁਗਤ ਹੈ ,ਪੰਥ ਦੀ ਸਮੁੱਚੀ ਅਤੇ ਸੁੱਚੀ ਪ੍ਰਵਾਨਗੀ ਹੀ ਅਕਾਲ ਤਖ਼ਤ ਦਾ ਸਿਧਾਂਤ ਹੈ ।ਪਿਛਲੇ 40 ਸਾਲਾਂ ਵਿੱਚ ਕੋਈ ਇੱਕ ਸਮਾਂ ਦੱਸੋ ਜਦੋ ਇਹਨਾਂ ਜੱਥਦਾਰਾਂ ਕੌਮ ਦੀਆਂ ਭਾਵਨਾਵਾਂ ਦੀ ਤਰਜਮਾਨੀ ਕੀਤੀ ਹੋਵੇ ।ਇਹ ਹਮੇਸ਼ਾ ਕੁਰਪਟ ਤੇ ਬੇਗੈਰਤ ਅਕਾਲੀ ਆਗੂਆਂ ਦੇ ਪਿੱਛਲੱਗ ਬਣੇ ਰਹੇ ਅਤੇ ਜਾਪਦਾ ਹੁਣ ਵੀ ਇਹੀ ਲੱਸੀ ਘੋਲਣਗੇ ।ਫਿਰ ਕਦੋ ਤੱਕ ਕੌਮ ਇਹਨਾਂ ਉਪਰ ਆਸ ਲਾਈ ਰੱਖੇਗੀ ।12 ਅਕਤੂਬਰ 1920 ਨੂੰ ਗਿਣਤੀ ਦੀਆਂ ਸਮਰਪਿਤ ਰੂਹਾਂ ਨੇ ਅਕਾਲ ਤਖ਼ਤ ਨੂੰ ਮਹੰਤਾਂ ਤੋ ਆਜ਼ਾਦ ਕਰਾ ਕੇ ਕੌਮ ਦੀ ਤਕਦੀਰ ਬਦਲ ਦਿੱਤੀ ਸੀ ।ਹੁਣ ਵੀ ਬਿਲਕੁਲ ਉਸੇ ਤਰ੍ਹਾਂ ਕਰਨਾ ਪਵੇਗਾ ।ਪਰ ਅਜਿਹਾ ਕਰਨ ਤੋਂ ਪਹਿਲਾਂ ਪੰਥਕ ਸ਼ਖਸੀਅਤਾਂ ,ਜੱਥੇਬੰਦੀਆ ਅਤੇ ਕੌਮ ਦੀ ਮਾਨਸਿਕਤਾ ਵਿੱਚ ਕਿਸੇ ਹੱਦ ਤੱਕ ਇਕਸੁਰਤਾ ਸਿਰਜਣੀ ਬਹੁਤ ਜ਼ਰੂਰੀ ਹੈ।

**-ਅਮਰੀਕ ਸਿੰਘ ਮੁਕਤਸਰ**

# ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ 'ਚ ਲਗਾਈ ਜਾਵੇ : ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ



**ਅੰਮ੍ਰਿਤਸਰ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਸੰਘਰਸ਼ 'ਚ ਜੂਝ ਕੇ ਸ਼ਹਾਦਤ ਦਾ ਜਾਮ ਪੀਣ ਵਾਲੇ ਬੱਬਰ ਖ਼ਾਲਸਾ ਦੇ ਜੁਝਾਰੂ ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਈ ਜਾਵੇ। ਇਹ ਮੰਗ ਕਰਦਿਆਂ ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਦੇ ਭਰਾ ਸ. ਸਤਪਾਲ ਸਿੰਘ ਝੱਲੀਆਂ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਨੇ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਦੇ ਨਾਲ ਹੀ 4 ਸਤੰਬਰ 1991 ਨੂੰ ਇੱਕ ਪੁਲਿਸ ਮੁਕਾਬਲੇ 'ਚ ਸ਼ਹਾਦਤ ਦਾ ਜਾਮ ਪੀਤਾ ਸੀ। ਜਦੋਂ ਪ੍ਰਸਿੱਧ ਗਾਇਕ ਸ਼ੁੱਭਦੀਪ ਸਿੰਘ ਸਿੱਧੂ ਮੂਸੇਵਾਲਾ ਨੇ ਪੰਜਾਬ ਦੇ ਦਰਿਆਈ ਪਾਣੀਆਂ ਬਾਰੇ ਗੀਤ ਗਾਇਆ ਜਿਸ ਵਿੱਚ ਭਾਈ ਜਟਾਣੇ ਦਾ ਜ਼ਿਕਰ ਸੀ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤੁਰੰਤ ਹੀ ਸ਼ਹੀਦ ਭਾਈ ਜਟਾਣੇ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸੁਸ਼ੋਭਿਤ ਕਰ ਦਿੱਤੀ। ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਦੇ ਭਰਾ ਸ. ਸਤਪਾਲ ਸਿੰਘ ਨੇ ਕਿਹਾ ਕਿ ਭਾਈ ਜਟਾਣਾ ਅਤੇ ਭਾਈ ਚੰਨਾ ਦੋਵੇਂ ਗੂੜ੍ਹੇ ਦੋਸਤ ਸਨ, ਇਕੱਠੇ ਹੀ ਸੰਘਰਸ਼ 'ਚ ਵਿਚਰੇ, ਐਕਸ਼ਨ ਕੀਤੇ ਅਤੇ ਇਕੱਠੇ ਹੀ ਸ਼ਹਾਦਤ ਪਾ ਕੇ ਪੰਥ ਲਈ ਆਪਾ ਵਾਰ ਗਏ। ਉਹਨਾਂ ਕਿਹਾ ਕਿ ਸਾਡੀ ਅਪੀਲ ਹੈ ਕਿ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਦੇ ਸਾਥੀ ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਦੀ ਤਸਵੀਰ ਵੀ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਛੇਤੀ ਹੀ ਲਗਾਈ ਜਾਵੇ। ਸ. ਸਤਪਾਲ ਸਿੰਘ ਨੇ ਦੱਸਿਆ ਕਿ ਭਾਈ ਚਰਨਜੀਤ ਸਿੰਘ ਚੰਨਾ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਵਾਉਣ ਲਈ ਮੈਂ ਕਈ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੂੰ ਮਿਲਿਆ ਹਾਂ ਪਰ ਅਜੇ ਕੋਈ ਸੁਣਵਾਈ ਨਹੀਂ ਹੋ ਰਹੀ। ਮੈਂ ਪੰਥਕ ਜਥੇਬੰਦੀਆਂ ਨੂੰ ਵੀ ਅਪੀਲ ਕਰਦਾ ਹਾਂ ਕਿ ਉਹ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਗੱਲਬਾਤ ਕਰਕੇ ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਦੀ ਤਸਵੀਰ ਸ੍ਰੀ ਦਰਬਾਰ ਸਾਹਿਬ ਅਜਾਇਬ ਘਰ ਵਿੱਚ ਲਗਵਾਉਣ, ਅਸੀਂ ਧੰਨਵਾਦੀ ਹੋਵਾਂਗੇ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਜਿਨ੍ਹਾਂ ਸੂਰਮਿਆਂ ਨੇ ਗੁਰੂ ਗ੍ਰੰਥ ਅਤੇ ਗੁਰੂ ਪੰਥ ਦਾ ਸਤਿਕਾਰ ਬਹਾਲ ਰੱਖਦਿਆਂ ਅਤੇ ਫਸਲਾਂ, ਨਸਲਾਂ ਤੇ ਪਾਣੀਆਂ ਦੀ ਰਾਖੀ ਲਈ ਸ਼ਹਾਦਤਾਂ ਪਾਈਆਂ ਹੋਣ ਉਹਨਾਂ ਦੀਆਂ ਤਸਵੀਰਾਂ ਅਜਾਇਬ ਘਰ ਵਿੱਚ ਲਗਵਾਉਣ ਲਈ ਸੰਘਰਸ਼ ਕਰਨ ਦੀ ਲੋੜ ਹੀ ਨਹੀਂ ਪੈਣੀ ਚਾਹੀਦੀ ਸਗੋਂ ਸ਼੍ਰੋਮਣੀ ਕਮੇਟੀ ਨੂੰ ਖੁਦ ਇਹਨਾਂ ਜੁਝਾਰੂ ਸਿੰਘਾਂ ਦੀਆਂ ਤਸਵੀਰਾਂ ਸਥਾਪਿਤ ਕਰ ਦੇਣੀਆਂ ਚਾਹੀਦੀਆਂ ਹਨ। ਦੂਜੇ ਪਾਸੇ ਬਾਦਲ ਪਾਰਟੀ ਅਤੇ ਸ਼੍ਰੋਮਣੀ ਕਮੇਟੀ ਦਾ ਕੋਈ ਮੈਂਬਰ ਮਰ ਜਾਵੇ ਤਾਂ ਬਿਨਾਂ ਕਿਸੇ ਵੱਲੋਂ ਮੰਗ ਕੀਤਿਆਂ ਹੀ ਉਸ ਦੀ ਤਸਵੀਰ ਸ਼੍ਰੋਮਣੀ ਕਮੇਟੀ ਵੱਲੋਂ ਅਜਾਇਬ ਘਰ ਵਿੱਚ ਲਾ ਦਿੱਤੀ ਜਾਂਦੀ ਹੈ ਤੇ ਉਸ ਸ਼ਖਸੀਅਤ ਦੀ ਪੰਥ ਅਤੇ ਪੰਜਾਬ ਨੂੰ ਕੋਈ ਦੇਣ ਵੀ ਨਹੀਂ ਹੁੰਦੀ।



ਸ੍ਰ ਰਾਜਦੇਵ ਸਿੰਘ ਖ਼ਾਲਸਾ ਸਾਬਕਾ ਮੈਂਬਰ ਪਾਰਲੀਮੈਂਟ ਬਰਨਾਲਾ ਦੀ ਕੋਠੀ ਵਿਖੇ ਵਿਸ਼ੇਸ਼ ਤੌਰ ਤੇ ਪਹੁੰਚੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਐਮ ਪੀ ਦੇ ਬਾਪੂ ਤਰਸੇਮ ਸਿੰਘ ਜੀ ਦਾਂ ਵਿਸ਼ੇਸ਼ ਸਨਮਾਨ ਕੀਤਾ ਗਿਆ। (ਫੋਟੋ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




ਭਾਈ ਜੰਗ ਸਿੰਘ ਮੁਸਤਫ਼ਾਬਾਦ ਜੀ ਦਾ ਜੀਵਨ ਪੰਥ ਨੂੰ ਸਮਰਪਿਤ ਸੀ ਸਾਰੀ ਜਿੰਦਗੀ ਬੰਦੀ ਸਿੰਘਾਂ ਦੇ ਸੰਘਰਸ਼ ਲੇਖੇ ਲਾ ਦਿੱਤੀ, ਸ਼ਿਰੋਮਣੀ ਕਮੇਟੀ ਤੇ ਪੰਥਿਕ ਜਥੇਬੰਦੀਆਂ ਨੂੰ ਭਾਈ ਜੰਗ ਸਿੰਘ ਦਾ ਦੁਸਹਿਰਾ ਸਮਾਗਮ ਪੰਥਿਕ ਰੂਪ ਵਿੱਚ ਗੁਰਦਵਾਰਾ ਸ਼੍ਰੀ ਫ਼ਤਹਿਗੜ ਸਾਹਿਬ ਵਿਖ਼ੇ ਕਰਨਾ ਚਾਹੀਂਦਾ ਹੈ।



--✶ ਬੇਨਤੀ ਕਰਤਾ ✶--

**ਜੱਥੇਦਾਰ ਸੁਰਿੰਦਰ ਸਿੰਘ ਠੀਕਰੀਵਾਲ**

**ਮੁਖ ਸੇਵਾਦਾਰ ਜੱਥਾ ਠੀਕਰੀਵਾਲ**

# ਵਿਸਮਾਦੀ ਸੁਰਾਂ ਦੇ ਮਾਲਕ ਪ੍ਰਸਿੱਧ ਰਾਗੀ ਭਾਈ ਹੀਰਾ ਸਿੰਘ ਨੂੰ ਯਾਦ ਕਰਦਿਆਂ

**6 ਸਤੰਬਰ ਨੂੰ ਬਰਸੀ 'ਤੇ ਵਿਸ਼ੇਸ਼**

– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com



ਗੁਰਮਤਿ ਸੰਗੀਤ ਦੇ ਅਹਿਮ ਪੰਨੇ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਗੁਰਮਤਿ ਸੰਗੀਤ ਦੀਆਂ ਵਿਸਮਾਦੀ ਧੁਨਾਂ ਨਾਲ ਮਨੁੱਖੀ ਆਤਮਾ ਨੂੰ ਅਕਹਿ ਸ਼ਾਂਤੀ ਤੇ ਸਕੂਨ ਮਿਲਦਾ ਹੈ। ਸਾਡੀ ਆਤਮਾ ਗਗਨਚੁੰਬੀ ਉਚਾਈਆਂ ਨੂੰ ਛੂਹ ਲੈਂਦੀ ਹੈ। 20ਵੀਂ ਸਦੀ ਦੇ ਆਰੰਭ ਵਿਚ ਇਕ ਅਜਿਹਾ ਸੁਰੀਲਾ ਕੀਰਤਨੀਆ ਖ਼ਾਲਸਾ ਪੰਥ ਨੂੰ ਮਿਲਿਆ, ਜਿਸ ਨੇ ਭਰ ਜਵਾਨੀ ਵਿੱਚ ਗੁਰਬਾਣੀ ਕੀਰਤਨ ਦੀਆਂ ਧੁਨਾਂ ਨਾਲ ਲੱਖਾਂ ਹਿਰਦਿਆਂ ਨੂੰ ਸ਼ਾਂਤ ਕੀਤਾ। ਭਾਈ ਹੀਰਾ ਸਿੰਘ ਦਾ ਜਨਮ 1879 ਈ: ਨੂੰ ਪੱਛਮੀ ਪੰਜਾਬ ਦੇ ਜ਼ਿਲ੍ਹਾ ਸਰਗੋਧਾ ਦੇ ਪਿੰਡ ਫਰੁਕਾ ਵਿਖੇ ਭਾਈ ਭਾਗ ਸਿੰਘ ਅਤੇ ਮਾਤਾ ਸਭਰਾਈ ਦੇ ਗ੍ਰਹਿ ਵਿਖੇ ਹੋਇਆ। ਜ਼ਿਕਰ ਮਿਲਦਾ ਹੈ ਕਿ ਭਾਈ ਭਾਗ ਸਿੰਘ ਦੀ ਸ਼ਾਦੀ ਹੋਇਆਂ 18 ਵਰ੍ਹੇ ਬੀਤ ਗਏ, ਪਰ ਕੋਈ ਔਲਾਦ ਨਾ ਹੋਈ। ਸੇਵਾ ਪੰਥੀ ਬਾਬਾ ਰਾਮ ਸਿੰਘ ਦੀ ਅਰਦਾਸ ਨਾਲ ਭਾਈ ਹੀਰਾ ਸਿੰਘ ਦਾ ਜਨਮ ਹੋਇਆ। ਮੁੱਢਲੀ ਸਿੱਖਿਆ ਪਿੰਡ ਦੀ ਧਰਮਸ਼ਾਲਾ ਤੋਂ ਪ੍ਰਾਪਤ ਕੀਤੀ। ਇਸ ਤੋਂ ਪਿੱਛੋਂ ਪ੍ਰਾਇਮਰੀ ਦੀ ਪੜ੍ਹਾਈ ਵੀ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਮਿਡਲ ਕਰਨ ਲਈ ਸਾਹੀਵਾਲ ਜਾਣਾ ਪਿਆ। ਇਸ ਤੋਂ ਬਾਅਦ ਗੁਰਬਾਣੀ ਤੇ ਸਿੱਖ ਇਤਿਹਾਸ ਦੀ ਸਿੱਖਿਆ ਭਾਈ ਮਾਹਣਾ ਸਿੰਘ ਤੋਂ ਪ੍ਰਾਪਤ ਕੀਤੀ।

ਭਾਈ ਹੀਰਾ ਸਿੰਘ ਦੇ ਪਿਤਾ ਜੀ ਭਾਈ ਭਾਗ ਸਿੰਘ ਦਾ ਸਾਰੰਗੀ ਤੇ ਤਾਊਸ ਵਜਾਉਣ ਵਿੱਚ ਕੋਈ ਮੁਕਾਬਲਾ ਨਹੀਂ ਸੀ। ਘਰ ਵਿੱਚ ਪਿਤਾ ਜੀ ਤੋਂ ਗੁਰਮਤਿ ਸੰਗੀਤ ਵਿੱਚ ਪ੍ਰਬੀਨਤਾ ਪ੍ਰਾਪਤ ਕਰਨ ਤੋਂ ਬਾਅਦ ਭਾਈ ਹੀਰਾ ਸਿੰਘ ਨੇ ਨਿਰੰਕਾਰੀ ਦਰਬਾਰ ਰਾਵਲਪਿੰਡੀ ਅਤੇ ਨਾਮਧਾਰੀ ਦਰਬਾਰ ਭੈਣੀ ਸਾਹਿਬ ਤੋਂ ਕਲਾਸੀਕਲ ਸੰਗੀਤ ਸਿੱਖ ਕੇ ਮੁਹਾਰਤ ਹਾਸਲ ਕੀਤੀ।



ਭਾਈ ਹੀਰਾ ਸਿੰਘ ਦੀ ਆਪਣੇ ਜੀਵਨ ਦੀ ਸਭ ਤੋਂ ਵੱਡੀ ਕਮਾਈ ਉਸ ਸਮੇਂ ਨਾਮਬਾਣੀ ਦੇ ਰਸੀਏ ਮਹਾਂਪੁਰਸ਼ ਸੰਤ ਅਤਰ ਸਿੰਘ ਮਸਤੂਆਣਾ ਵਾਲਿਆਂ ਦੇ ਜਥੇ ਵਿੱਚ ਸ਼ਾਮਿਲ ਹੋ ਕੇ ਪ੍ਰਭੂ ਭਗਤੀ ਵਿੱਚ ਲੀਨ ਹੋਣਾ ਅਤੇ ਨਾਲ ਹੀ ਸੰਤ ਬਾਬਾ ਜੀ ਨਾਲ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕਰਨਾ ਸੀ। 1897 ਈ: ਵਿੱਚ ਜਦੋਂ ਸਿੰਘ ਸਭਾ ਲਹਿਰ ਸਿੱਖ ਧਰਮ ਦੇ ਪ੍ਰਚਾਰ ਨੂੰ ਸਿਖਰ 'ਤੇ ਪਹੁੰਚਾ ਚੁੱਕੀ ਸੀ, ਉਸ ਸਮੇਂ ਆਪ ਆਪਣੇ ਪਰਿਵਾਰ ਸਮੇਤ ਸ੍ਰੀ ਅੰਮ੍ਰਿਤਸਰ ਆ ਵਸੇ। ਇਥੇ ਆ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਆਪਣੇ ਸਮੇਂ ਉਘੇ ਹਜ਼ੂਰੀ ਕੀਰਤਨੀਏ ਭਾਈ ਤਖ਼ਤ ਸਿੰਘ ਤੋਂ ਗੁਰਮਤਿ ਸੰਗੀਤ ਦੀਆਂ ਬਾਰੀਕੀਆਂ ਗ੍ਰਹਿਣ ਕੀਤੀਆਂ।

ਉਹ ਅਜਿਹਾ ਸਮਾਂ ਸੀ ਜਦੋਂ ਸਿੱਖ ਕੌਮ ਸਿੱਖਿਆ ਦੇ ਖੇਤਰ ਵਿੱਚ ਬਹੁਤ ਪੱਛੜੀ ਹੋਈ ਸੀ। 1908 ਈ: ਵਿੱਚ ਚੀਫ਼ ਖ਼ਾਲਸਾ ਦੀਵਾਨ ... ਲਈ ਥਾਂ-ਪੁਰ-ਥਾਂ ਜਾ ਕੇ ਸਿੱਖਿਆ ਦੇ ਪ੍ਰਸਾਰ, ਪ੍ਰਚਾਰ ਤੇ ਵਿਕਾਸ ਲਈ ਰਾਤ-ਦਿਨ ਪ੍ਰਚਾਰ ਮੁਹਿੰਮ ਵਿੱਚ ਯੋਗਦਾਨ ਪਾਇਆ। ਅਸਲ ਵਿੱਚ ਚੀਫ਼ ਖ਼ਾਲਸਾ ਦੀਵਾਨ ਨੇ ਸਿੱਖਿਆ ਦੇ ਪ੍ਰਸਾਰ ਲਈ ਜਿਹੜਾ ਕਾਰਜ ਆਰੰਭਿਆ ਸੀ, ਉਸ ਲਈ ਸਭ ਤੋਂ ਵੱਧ ਨਿੱਠ ਕੇ ਕਾਰਜ ਕਰਨ ਵਾਲਿਆਂ ਵਿੱਚ ਭਾਈ ਹੀਰਾ ਸਿੰਘ ਨੂੰ ਵੱਡਾ ਮਾਣ ਪ੍ਰਾਪਤ ਹੋਇਆ।

ਭਾਈ ਹੀਰਾ ਸਿੰਘ ਨੇ ਆਪਣੇ ਪਿਤਾ ਜੀ ਨਾਲ ਜਿਹੜਾ ਕੀਰਤਨੀ ਜਥਾ ਬਣਾਇਆ, ਉਸ ਜਥੇ ਨੇ ਅਣਵੰਡੇ ਦੇਸ਼ ਵਿੱਚ ਲੱਖਾਂ ਸਿੱਖ ਸੰਗਤਾਂ ਨੂੰ ਵਿਸਮਾਦੀ ਸੁਰਾਂ ਨਾਲ ਕੀਲਿਆ। ਆਪ ਦੀ ਅਵਾਜ਼ ਵਿੱਚ ਵਿਸ਼ੇਸ਼ ਕਿਸਮ ਦੀ ਰੱਬੀ ਬਖਸ਼ਿਸ਼ ਸੀ। 1925 ਈ: ਵਿੱਚ ਭਾਈ ਹੀਰਾ ਸਿੰਘ ਗਵਾਲੀਅਰ ਵਿਖੇ ਕੀਰਤਨ ਦੀ ਸੇਵਾ ਨਿਭਾਉਣ ਲਈ ... ਉਨ੍ਹਾਂ ਇਲਾਹੀ ਬਾਣੀ ਦੀ ਕੀਰਤਨ ਦੀ ਧੁਨੀ ਦਾ ਰਾਗ-ਬੱਧ ਸੁਰ ਅਲਾਪਿਆ ਅਤੇ ਨਾਲ ਹੀ ਇਤਿਹਾਸ ਦੀ ਕਥਾ ਸਰਵਣ ਕਰਵਾਈ। ਉਥੇ ਪੁੱਜੇ ਹੋਏ ਸਰੋਤਿਆਂ ਵਿੱਚ ਇਕ ਮੁਸਲਮਾਨ ਸ਼ਰਧਾਲੂ ਹਾਜ਼ੀ ਮਸਕੀਨ ਵੀ ਝੂਮਣ ਲੱਗ ਪਿਆ। ਹੁਣ ਉਹ ਭਾਈ ਹੀਰਾ ਸਿੰਘ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰਿਆਂ ਲਈ ਵੀ ਬੜੀ ਸ਼ਰਧਾ ਭਾਵਨਾ ਨਾਲ ਪੁੱਜਾ। ਉਸ ਨੇ ਇਕ ਲੱਖ ਪੰਜਤਾਲੀ ਹਜ਼ਾਰ ਸੰਦਲੀ ਤਾਰਾਂ ਦਾ ਆਪਣੇ ਹੱਥੀਂ ਬਣਾਇਆ ਸੁੰਦਰ ਚੌਰ ਧੰਨ ਗੁਰੂ ਰਾਮਦਾਸ ਜੀ ਦੇ ਪਾਵਨ ਸ੍ਰੀ ਦਰਬਾਰ ਸਾਹਿਬ ਭੇਟ ਕੀਤਾ, ਜੋ ਅੱਜ ਵੀ ਤੋਸ਼ੇਖਾਨੇ ਵਿੱਚ ਸੁਰੱਖਿਅਤ ਹੈ।

ਇਹ ਵਿਸਮਾਦੀ ਸੁਰਾਂ ਦਾ ਮਾਲਕ ਭਾਈ ਹੀਰਾ ਸਿੰਘ ਗੰਭੀਰ ਬੀਮਾਰੀ ਨਾਲ 6 ਸਤੰਬਰ, 1926 ਈ: ਦੇਹਰਾਦੂਨ ਵਿਖੇ ਆਪਣੇ ਪਿਆਰੇ ਕੀਰਤਨ ਰਸੀਏ ਸਿੱਖ, ਮੁਸਲਮਾਨ ਤੇ ਹਿੰਦੂ ਸਰੋਤਿਆਂ ਨੂੰ ਸਦੀਵੀ ਵਿਛੋੜਾ ਦੇ ਗਿਆ। ਸਿੱਖ ਸੰਗਤ ਅਤੇ ਦੂਜੇ ਧਰਮਾਂ ਦੇ ਲੱਖਾਂ ਸਰੋਤਿਆਂ ਵੱਲੋਂ ਜਿਹੜਾ ਮਾਣ ਭਾਈ ਹੀਰਾ ਸਿੰਘ ਨੂੰ ਮਿਲਿਆ, ਉਸ ਦੀ ਗਵਾਹੀ ਉਸ ਸਮੇਂ ਦੇ ਵੱਖ-ਵੱਖ ਭਾਸ਼ਾਵਾਂ ਵਾਲੇ ਛਪਣ ਵਾਲੇ ਅਖ਼ਬਾਰਾਂ ਤੇ ਰਸਾਲਿਆਂ ਨੇ ਆਪਣੇ ਪੰਨਿਆਂ ਵਿੱਚ ਕੀਤਾ ਅਤੇ ਹਿਰਦੇ ਵੇਦਕ ਸ਼ਰਧਾਂਜਲੀਆਂ ਭੇਟ ਕੀਤੀਆਂ। ਅੱਜ ਮਹਾਨ ਕੀਰਤਨੀਏ ਦੀ ਯਾਦ ਹੀ ਬਾਕੀ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਪੱਸ਼ਟੀਕਰਨ ਦੇਣ ਪਹੁੰਚੇ ਬਿਕਰਮ ਸਿੰਘ ਮਜੀਠੀਆ

**ਅੰਮ੍ਰਿਤਸਰ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸਾਬਕਾ ਕੈਬਨਿਟ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਆਪਣਾ ਸਪੱਸ਼ਟੀਕਰਨ ਦੇਣ ਪੁੱਜੇ। ਇਸ ਤੋਂ ਪਹਿਲਾਂ ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੱਥਾ ਟੇਕਿਆ। ਪੱਤਰਕਾਰ ਨਾਲ ਗੱਲ ਕਰਦਿਆਂ ਮਜੀਠੀਆ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਨੂੰ ਸਿਰ ਮੱਥੇ ਪ੍ਰਵਾਨ ਕਰਦੇ ਹਨ, ਇਸੇ ਲਈ ਆਪਣਾ ਸਪੱਸ਼ਟੀਕਰਨ ਨਿੱਜੀ ਤੌਰ 'ਤੇ ਦੇਣ ਲਈਪੁੱਜੇ ਹਨ। ਇਥੇ



ਆਵਾਜ਼ਿ ਕੌਮ AWAZE QAUM International Newspaper & WEB TV

ਇਹ ਖਾਸ ਤੌਰ 'ਤੇ ਦੱਸਣਯੋਗ ਹੈ ਕਿ ਬੀਤੀ 30 ਅਗਸਤ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਸੀ। ਇਸ ਦੇ ਨਾਲ ਅਕਾਲੀ ਸਰਕਾਰਾਂ ਸਮੇਂ ਕੈਬਨਿਟ ਮੰਤਰੀ ਰਹੇ ਅਕਾਲੀ ਆਗੂਆਂ ਨੂੰ 15 ਦਿਨਾਂ ਦੇ ਅੰਦਰ-ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਰੂਪ ਵਿਚ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦੇਣ ਦੇ ਹੁਕਮ ਦਿੱਤੇ ਸਨ। ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ ਪਹਿਲਾਂ ਹੀ ਆਪਣਾ ਸਪੱਸ਼ਟੀਕਰਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਦੇ ਚੁੱਕੇ ਹਨ।



**ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਵਿਨੀਤ ਵਰਮਾ ਜੀ ਸੂਬਾ ਮੈਂਬਰ ਟੇਂਰਡਰਜ ਕਮਿਸ਼ਨ ਪੰਜਾਬ ਸੂਬਾ ਪ੍ਰਧਾਨ ਦੇ ਨਾਲ ਆਮ ਆਦਮੀ ਪਾਰਟੀ ਦੀ ਮਜ਼ਬੂਤੀ ਲਈ ਵਿਚਾਰ ਵਿਟਾਂਦਰਾ ਸ, ਹਰਜਿੰਦਰ ਸਿੰਘ ਜਲਾਲ ਉਸਮਾ ਵਾਈਸ ਪ੍ਰਧਾਨ ਵਾਪਾਰ ਮੰਡਲ ਵਿੰਗ ਅੰਮ੍ਰਿਤਸਰ ਅਤੇ ਪੀ ਏ ਸ੍ਰੀ ਵਿਨੀਤ ਵਰਮਾ ਜੀ ਨਾਲ ਹੋਰ ਸੀਨੀਅਰ ਆਗੂ ਹਾਜ਼ਰ ਸਨ। (ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)**

# ਗੁਰਦੁਆਰਾ ਸਾਹਿਬ ਦਾ ਡਿੱਗਿਆ ਲੈਂਟਰ, ਕਈ ਸ਼ਰਧਾਲੂਆਂ ਦੇ ਫ਼ਸੇ ਹੋਣ ਦਾ ਖ਼ਦਸ਼ਾ

**ਤਰਨ-ਤਾਰਨ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**- ਤਰਨਤਾਰਨ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਜਿਥੇ ਤਰਨਤਾਰਨ ਅਧੀਨ ਆਉਂਦੇ ਪਿੰਡ ਸੰਗਤਪੁਰਾ ਵਿਖੇ ਅੱਜ ਇੱਕ ਗੁਰਦੁਆਰਾ ਸਾਹਿਬ ਦੇ ਲੈਂਟਰ ਪੈ ਰਿਹਾ ਸੀ ਜੋ ਡਿੱਗ ਗਿਆ। ਇਸ ਦੌਰਾਨ ਲੈਂਟਰ ਹੇਠਾਂ ਡਿੱਗਣ ਕਾਰਨ ਦਰਜਨਾਂ ਲੋਕਾਂ ਅਤੇ ਸ਼ਰਧਾਲੂਆਂ ਦੇ ਫਸਣ ਦੀ ਖ਼ਦਸ਼ਾ ਹੈ, ਜਿਨ੍ਹਾਂ ਨੂੰ ਬਾਹਰ ਕੱਢਣ ਲਈ ਪ੍ਰਸ਼ਾਸਨ ਵੱਲੋਂ ਰਾਹਤ ਕਾਰਜ ਜਾਰੀ ਹੈ। ਇਸ ਦੌਰਾਨ ਪ੍ਰਸ਼ਾਸਨ ਵੱਲੋਂ ਮੌਕੇ 'ਤੇ ਐਮਬੂਲੈਂਸਾਂ ਭੇਜੀਆਂ ਗਈਆਂ ਹਨ। ਖ਼ਬਰ ਲਿਖੇ ਜਾਣ ਤੱਕ ਡਿੱਗੇ ਹੋਏ ਲੈਂਟਰ ਹੇਠੋਂ ਲੋਕਾਂ ਨੂੰ ਬਾਹਰ ਕੱਢਣ ਦਾ ਕਾਰਜ ਜਾਰੀ ਹੈ।

# ਕਰਤਾਰਪੁਰ ਪੁਲਿਸ ਵਲੋਂ ਦੋ ਪਿਸਤੌਲਾਂ ਸਮੇਤ ਇਕ ਮੁਲਜਮ ਕਾਬੂ

**ਕਰਤਾਰਪੁਰ, 5 ਸਤੰਬਰ (ਆਵਾਜ਼ਿ ਕੌਮ ਬਿਊਰੋ**)-ਥਾਣਾ ਕਰਤਾਰਪੁਰ ਪੁਲਿਸ ਵਲੋਂ ਗੁਪਤ ਸੂਚਨਾ ਮਿਲਣ ਤੇ ਦੋ ਪਿਸਤੌਲਾਂ ਅਤੇ ਦੋ ਕਾਰਤੂਸ ਸਮੇਤ ਇਕ ਮੁਲਜਮ ਕਾਬੂ ਕੀਤਾ ਗਿਆ, ਜਾਣਕਾਰੀ ਦਿੰਦਿਆਂ ਡੀ ਐਸ ਪੀ ਕਰਤਾਰਪੁਰ ਸੁਰਿੰਦਰ ਪਾਲ ਧੋਗੜ੍ਹੀ ਨੇ ਦਸਿਆ ਕਿ ਏ ਐਸ ਆਈ ਪਰਮਜੀਤ ਸਿੰਘ ਨੂੰ ਦੌਰਾਨੇ ਗਸ਼ਤ ਪਿੰਡ ਫ਼ਾਜਲ ਪੁਰ ਅੱਡੇ ਤੇ ਇਕ ਦੇਸ਼ ਭਗਤ ਸ਼ਖਸ ਵਲੋਂ ਸੂਚਨਾ ਦਿਤੀ ਗਈ ਕਿ ਕਰਨਪ੍ਰੀਤ ਸਿੰਘ ਪੁੱਤਰ ਜਰਮਨ ਸਿੰਘ ਵਾਸੀਪਿੰਡ ਘੁੱਗਸ਼ੋਰ ਥਾਣਾ ਕਰਤਾਰਪੁਰ ਕੋਲ ਨਜਾਇਜ ਅਸਲਾ ਹੈ, ਅਤੇ 22ਅਗਸਤ ਨੂੰ ਆਪਣੇ ਹੀ ਅਸਲੇ ਨਾਲ ਉਸਦੇ ਪੱਟ ਅਤੇ ਹੱਥ ਦੀ ਉਂਗਲ ਤੇ ਗੋਲੀ ਲਗੀ ਹੈ, ਉਹ ਜਖਮੀ ਹਾਲਤ ਵਿਚ ਜਲੰਧਰ ਦੇ ਇਕ ਹਸਪਤਾਲ ਵਿਚ ਇਲਾਜ ਕਰਵਾ ਰਿਹਾ ਹੈ,ਥਾਣਾ ਕਰਤਾਰਪੁਰ ਵਿਚ ਉਸਦੇ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ, ਅਤੇ 4 ਸਤੰਬਰ ਮੁਲਜਮ ਨੂੰ ਹਸਪਤਾਲ ਤੋਂ ਛੁੱਟੀ ਮਿਲਨ ਤੇ ਉਸਨੂੰ ਕਾਬੂ ਕਰਕੇ ਉਸਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਹਾਂਸਿਲ ਕੀਤਾ, ਅੱਜ 5 ਸਤੰਬਰ ਨੂੰ ਉਸਦੀ ਨਿਸ਼ਾਦੇਹੀ ਤੇ ਪਿੰਡ ਘੁੱਗਸ਼ੋਰ ਵਿਖ਼ੇ ਉਸਦੀ ਪਸ਼ੂਆਂ ਵਾਲੀ ਹਵੇਲ਼ੀ ਤੋਂ ਦੋ ਪਿਸਤੌਲ, ਦੋ ਜਿੰਦਾ ਕਾਰਤੂਸ ਅਤੇ ਇਕ ਖਾਲੀ ਖੋਲ ਬਰਾਮਦ ਕੀਤਾ ਗਿਆ, ਉਸਤੋਂ ਅਗੇ ਵੀ ਪੁੱਛ ਗਿੱਛ ਦੌਰਾਨ ਹੋਰ ਵੀ ਖੁੱਲਾਸੇ ਹੋਣ ਦੀ ਉਮੀਦ ਹੈ।

# ਬਾਦਲਾਂ ਦੇ ਗੜ੍ਹ 'ਚ ਲੱਗੇ ਕਾਂਗਰਸ ਦੇ ਝੰਡੇ ਨੂੰ ਪੱਟਣਗੇ ਪੰਥਕ ਲੀਡਰ ? ਗਿੱਦੜਬਾਹਾ ਦੇ ਚੋਣ ਮੈਦਾਨ 'ਚ ਕੁੱਦੇ ਸੁਖਰਾਜ ਸਿੰਘ, ਮਨਦੀਪ ਸਿੱਧੂ ਤੇ ਬਾਜਕੇ

**ਬਠਿੰਡਾ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਹਾਲਾਂਕਿ ਪੰਜਾਬ ਦੀਆਂ 5 ਸੀਟਾਂ ਉੱਤੇ ਜ਼ਿਮਨੀ ਚੋਣਾਂ ਹੋਣੀਆਂ ਹਨ ਪਰ ਇਸ ਵੇਲੇ ਗਿੱਦੜਬਾਹਾ ਦੀ ਸੀਟ ਉੱਤੇ ਸਭ ਤੋਂ ਤੇਜ਼ ਸਰਗਰਮੀਆਂ ਹੋਰਹੀਆਂ ਹਨ। ਇਸ 'ਤੇ ਸਾਰੀਆਂ ਪਾਰਟੀਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਸੁਖਬੀਰ ਬਾਦਲ ਦੇ ਤਨਖ਼ਾਹੀਆਂ ਐਲਾਨੇ ਜਾਣ ਤੋਂ ਬਾਅਦ ਹੁਣ ਇਸ ਸੀਟ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਪਤਨੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੇ ਹੱਥ ਆ ਗਈ ਹੈ। ਆਓ ਜਾਣਦੇ ਹਾਂ ਕੌਣ-ਕੌਣ ਹੋ ਸਕਦਾ ਇਸ ਸੀਟ ਤੋਂ ਉਮੀਦਵਾਰ ?

**ਸੁਖਬੀਰ ਦੇ ਤਨਖ਼ਾਹੀਆ ਐਲਾਨੇ ਜਾਣ ਤੋਂ ਬਾਅਦ ਕੀ ਬਦਲਿਆ ?**



ਆਵਾਜ਼ਿ ਕੌਮ AWAZE QAUM International Newspaper & WEB TV

ਵਿਧਾਨ ਸਭਾ ਹਲਕਾ ਗਿੱਦੜਬਾਹਾ ਲੰਮੇ ਸਮੇਂ ਤੋਂ ਅਕਾਲੀ ਦਲ ਦਾ ਗੜ੍ਹ ਰਿਹਾ ਹੈ। ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਸਾਂਸਦ ਬਣਨ ਤੋਂ ਬਾਅਦ ਅਕਾਲੀ ਦਲ ਜ਼ਿਮਨੀ ਚੋਣਾਂ 'ਚ ਮੁੜ ਕਾਬਜ਼ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਸੁਖਬੀਰ ਬਾਦਲ ਨੂੰ ਤਨਖ਼ਾਹੀਆ ਕਰਾਰ ਦਿੱਤੇ ਜਾਣ ਤੋਂ ਬਾਅਦ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਚੋਣ ਪ੍ਰਚਾਰ ਦੀ ਕਮਾਨ ਹਰਸਿਮਰਤ ਕੌਰ ਬਾਦਲ ਨੂੰ ਸੌਂਪ ਦਿੱਤੀ ਹੈ ਭਾਵੇਂ ਸੁਖਬੀਰ ਬਾਦਲ ਪਹਿਲਾਂ ਨੁੱਕੜ ਮੀਟਿੰਗਾਂ ਕਰਦੇ ਰਹੇ ਹਨ ਪਰ ਤਨਖ਼ਾਹੀਆ ਐਲਾਨ ਤੋਂ ਬਾਅਦ ਹੁਣ ਉਹ ਸਿਆਸੀ ਪ੍ਰੋਗਰਾਮਾਂ ਵਿਚ ਸ਼ਾਮਲ ਨਹੀਂ ਹੋ ਸਕਦੇ।

**ਮਨਦੀਪ ਸਿੱਧੂ ਨੇ ਸ਼ੁਰੂ ਕੀਤੀਆਂ ਨੁੱਕੜ ਮੀਟਿੰਗਾਂ** : ਵਾਰਿਸ ਪੰਜਾਬ ਦੇ ਸੰਸਥਾਪਕ ਮੁਖੀ ਦੀਪ ਸਿੱਧੂ ਦੇ ਭਰਾ ਮਨਦੀਪ ਸਿੰਘ ਸਿੱਧੂ ਵੀ ਸਿਆਸਤ ਵਿੱਚ ਸਰਗਰਮ ਹੋ ਗਏ ਹਨ। ਉਨ੍ਹਾਂ ਨੂੰ ਗਿੱਦੜਬਾਹਾ ਤੋਂ ਵੀ ਮੈਦਾਨ ਵਿੱਚ ਉਤਾਰਿਆ ਜਾ ਸਕਦਾ ਹੈ। ਪਿਛਲੇ ਕੁਝ ਦਿਨਾਂ ਤੋਂ ਮਨਦੀਪ ਸਿੰਘ ਸਿੱਧੂ ਗਿੱਦੜਬਾਹਾ ਵਿੱਚ ਨੁੱਕੜ ਮੀਟਿੰਗਾਂ ਕਰ ਰਹੇ ਸਨ। ਇੱਕ ਇੰਟਰਵਿਊ ਵਿੱਚ ਆਜ਼ਾਦ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਐਲਾਨ ਕੀਤਾ ਹੈ ਕਿ ਮਨਦੀਪ ਸਿੱਧੂ ਗਿੱਦੜਬਾਹਾ ਤੋਂ ਚੋਣ ਲੜਨਗੇ।

**ਸੁਖਰਾਜ ਸਿੰਘ ਨੇ ਕੀਤਾ ਚੋਣ ਲੜਣ ਦਾ ਐਲਾਨ** : ਫਰੀਦਕੋਟ ਜ਼ਿਲ੍ਹੇ ਦੇ ਬਰਗਾੜੀ ਵਿਖੇ 14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿਖੇ ਬੇਅਦਬੀ ਕਾਂਡ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੇ ਲੋਕਾਂ 'ਤੇ ਪੁਲਿਸ ਵੱਲੋਂ ਗੋਲੀ ਚਲਾ ਕੇ ਦੋ ਸਿੱਖ ਪ੍ਰਦਰਸ਼ਨਕਾਰੀ ਗੁਰਜੀਤ ਸਿੰਘ ਤੇ ਕ੍ਰਿਸ਼ਨ ਭਗਵਾਨ ਸਿੰਘ ਦੀ ਮੌਤ ਹੋ ਗਈ ਸੀ। ਹੁਣ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨੇ ਵੀ ਗਿੱਦੜਬਾਹਾ ਤੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਸੁਖਰਾਜ ਸਿੰਘ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਅਸੀਂ ਪਿਛਲੇ ਨੌਂ ਸਾਲਾਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਹਾਂ। ਸ਼ਾਂਤਮਈ ਧਰਨੇ ਦੌਰਾਨ ਮੇਰੇ ਪਿਤਾ ਦਾ ਕਤਲ ਕਰ ਦਿੱਤਾ ਗਿਆ ਪਰ ਤਿੰਨ ਸਰਕਾਰਾਂ ਨੇ ਇਨਸਾਫ਼ ਨਹੀਂ ਦਿੱਤਾ।

**ਪ੍ਰਧਾਨ ਮੰਤਰੀ ਬਾਜਾਕੇ ਲੜਨਗੇ ਚੋਣ** : ਅੰਮ੍ਰਿਤਪਾਲ ਸਿੰਘ ਦੇ ਨਾਲ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਭਗਵੰਤ ਸਿੰਘ ਉਰਫ ਪ੍ਰਧਾਨ ਮੰਤਰੀ ਬਾਜੇਕੇ ਵਿਧਾਨ ਸਭਾ ਦੀ ਜ਼ਿਮਨੀ ਚੋਣ ਲੜਨਗੇ। ਉਹ ਗਿੱਦੜਬਾਹਾ ਤੋਂ ਉਮੀਦਵਾਰ ਹੋਣਗੇ। ਇਥੋਂ ਉਹ ਆਜ਼ਾਦ ਚੋਣ ਲੜਨਗੇ। ਪ੍ਰਧਾਨ ਮੰਤਰੀ ਬਾਜੇਕੇ ਦੇ ਬੇਟੇ ਨੇ ਇਹ ਐਲਾਨ ਕੀਤਾ ਸੀ, ਹਾਲਾਂਕਿ ਭਾਈ ਅੰਮ੍ਰਿਤਪਾਲ ਸਿੰਘ ਦੀ ਟੀਮ ਵੱਲੋਂ ਇਸ ਦੀ ਪੁਸ਼ਟੀ ਨਹੀਂ ਕੀਤੀ ਗਈ ਸੀ।